# ਚਲਾਕ ਨਿੱਕੀ ਮੱਛੀ

## ਅਤੇ ਹੋਰ ਬਾਲ ਕਹਾਣੀਆਂ




**ਮਨਮੋਹਨ ਸਿੰਘ ਦਾਊਂ**

ਭਾਰਤੀ ਸਾਹਿਤ ਅਕਾਦਮੀ (ਦਿੱਲੀ) ਸਨਮਾਨਿਤ

ਸ਼੍ਰੋਮਣੀ ਬਾਲ ਸਾਹਿਤ ਲੇਖਕ ਸਨਮਾਨ (ਪੰਜਾਬ ਸਰਕਾਰ)

# ਚਲਾਕ ਨਿੱਕੀ ਮੱਛੀ

## ਅਤੇ ਹੋਰ ਬਾਲ ਕਹਾਣੀਆਂ

## ਮਨਮੋਹਨ ਸਿੰਘ ਦਾਊਂ ਦੀਆਂ ਹੋਰ ਬਾਲ ਸਾਹਿਤ ਪੁਸਤਕਾਂ

1. ਕਿਰਲੀ ਤੇ ਤਿਤਲੀ (ਬਾਲ ਕਹਾਣੀਆਂ)-ਇਨਾਮ ਜੇਤੂ
2. ਖੇਲਾਂ ਦੇ ਖੰਭ (ਬਾਲ-ਕਹਾਣੀਆਂ)
3. ਤਿੰਨ ਸੁਪਨੇ (ਬਾਲ-ਕਹਾਣੀਆਂ)
4. ਪੰਛੀਆਂ ਦੇ ਗੀਤ (ਬਾਲ-ਕਵਿਤਾਵਾਂ)
5. ਫੁਲਾਂ ਦੀ ਟੋਕਰੀ (ਨਰਸਰੀ-ਗੀਤ)
6. ਚਾਨਣ ਦੀ ਟਹਿਣੀ (ਬਾਲ-ਗੀਤ)-ਇਨਾਮ ਜੇਤੂ
7. ਧਰਤੀ ਦੇ ਰੰਗ (ਕਾਵਿ-ਰਚਨਾ)
8. ਫੁੱਲਾਂ ਵਾਲਾ ਘਰ (ਬਾਲ-ਕਵਿਤਾਵਾਂ)-ਇਨਾਮ ਜੇਤੂ
9. ਮੇਰਾ ਦੀਵਾ (ਬਾਲ-ਗੀਤ)- ਇਨਾਮ ਜੇਤੂ
10. ਰੁੱਖਾਂ ਦਾ ਖ਼ਜ਼ਾਨਾ (ਕਾਵਿ-ਰਚਨਾ)
11. ਅਜ਼ਾਦੀ ਦੀ ਵਾਰ (ਕਾਵਿ-ਰਚਨਾ)
12. ਪੀਂਘ ਹੁਲਾਰੇ (ਨਰਸਰੀ-ਗੀਤ)
13. ਸੋਨ ਸਵੇਰਾ (ਬਾਲ-ਕਵਿਤਾਵਾਂ)
14. ਫੁੱਲਾਂ ਦਾ ਪਘੂੰੜਾ (ਬਾਲ-ਕਵਿਤਾਵਾਂ)
15. ਗਾਥਾ ਗੜ੍ਹੀ ਚਮਕੌਰ (ਕਾਵਿ-ਰਚਨਾ)
16. ਗੀਤਾਂ ਦੇ ਘੁੰਗਰੂ (ਬਾਲ-ਕਵਿਤਾਵਾਂ)
17. ਸੁਪਨਿਆਂ ਵਾਲਾ ਬਚਪਨ (ਬਾਲ-ਕਵਿਤਾਵਾਂ)
18. ਵਿੱਦਿਆ ਦਾ ਗਹਿਣਾ (ਬਾਲ-ਕਵਿਤਾਵਾਂ)
19. ਮੁਹਰ ਵਾਲੀ ਕਚੌਰੀ (ਬਾਲ-ਕਹਾਣੀ)
20. ਕਿਰਨਾਂ ਦੇ ਫੁੱਲ (ਬਾਲ-ਕਵਿਤਾਵਾਂ)
21. ਸ਼ੁੱਧ ਹਵਾ ਦੀ ਲੋੜ
22. ਚਾਚਾ ਨਹਿਰੂ (ਜੀਵਨੀ)
23. ਚਾਨਣ ਦਾ ਥਾਲ (ਬਾਲ-ਕਵਿਤਾਵਾਂ)
24. ਬਾਲ ਝਰੋਖਾ (ਜੀਵਨ-ਯਾਦਾਂ)-ਇਨਾਮ ਜੇਤੂ
25. ਲੋਕ ਰਾਂਗਲਾ -ਪਿੱਪਲ (ਕਾਵਿ-ਰਚਨਾ)
26. ਰੁੱਖਾਂ ਦੇ ਮੈਂ ਗਾਵਾਂ ਗੀਤ
27. ਨਵੀਆਂ ਸੱਭਿਆਚਾਰਕ ਬੋਲੀਆਂ
28. ਸੱਤ ਵਿਲੱਖਣ ਸ਼ਖ਼ਸੀਅਤਾਂ
29. ਮਹਾਤਮਾ ਗਾਂਧੀ (ਜੀਵਨੀ)
30. ਤਿੰਨ ਸ਼ਰਾਰਤੀ ਚੂਚੇ
31. ਪਰੀ ਦੇਸ ਦੀ ਰਾਜਕੁਮਾਰੀ
32. ਸ਼ੇਰ ਦੇ ਦਿਲ ਵਰਗਾ
33. ਜੇਤੂ ਜੈਰੀ
34. ਭੇੜੀਆ ਅਤੇ ਸੱਤ ਬੱਕਰੀਆਂ
35. ਦੋਸਤਾਂ ਦਾ ਲੱਖੀ ਜੰਗਲ
36. ਕੀੜੀ ਤੇ ਘੁੱਗੀ
37. ਸੂਰਜ ਕਿੱਥੇ ਗਿਆ
38. ਸਚਿਆਈ ਦੀ ਜਿੱਤ
39. ਪੰਛੀਆਂ ਦਾ ਬਸੇਰਾ
40. ਫੁੱਲਾਂ ਦੀਆਂ ਬੁਝਾਰਤਾਂ

# ਚਲਾਕ ਨਿੱਕੀ ਮੱਛੀ

## ਅਤੇ ਹੋਰ ਬਾਲ ਕਹਾਣੀਆਂ


## ਮਨਮੋਹਨ ਸਿੰਘ ਦਾਊਂ

ਭਾਰਤੀ ਸਾਹਿਤ ਅਕਾਦਮੀ (ਦਿੱਲੀ) ਸਨਮਾਨਿਤ
ਸ਼੍ਰੋਮਣੀ ਬਾਲ ਸਾਹਿਤ ਲੇਖਕ ਸਨਮਾਨ (ਪੰਜਾਬ ਸਰਕਾਰ)

# Chalak Niki Machali

## Ate Hor Kahanian


Manmohan Singh Daon

# 280, Phase 6, S.A.S Nagar-Mohali (Punjab) -160055

Mob. 9815123900

e-mail: m.s.daonpoet@gmail.com



2021

Published by

Unistar Books Pvt. Ltd.

Printed & bound at

301, Industrial Area, Phase-9,

S.A.S. Nagar, Mohali-Chandigarh (India)

email : unistarbooks@gmail.com

website : www.unistarbooks.com

Ph. +91-172-5027427, 5027429, 4027552



© 2021

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਣ

ਪੰਜਾਬੀ ਮਾਂ-ਬੋਲੀ ਪੜ੍ਹਨ ਵਾਲੇ
ਬਾਲਾਂ ਨੂੰ

# ਤਤਕਰਾ


ਬੋਟਾਂ ਵਾਲਾ ਲੈਟਰਬਾਕਸ

1. ਬੋਟਾਂ ਵਾਲਾ ਲੈਟ੍ਰਬਾਕਸ 11
2. ਸ਼ਹੀਦ ਕੁੜੀ ਦਾ ਸਿਰੜ 16
3. ਆਲ੍ਹਣੇ ਵਾਲੀ ਚਿੜੀ 19
4. ਦਲੇਰ ਤੇ ਨਿੱਡਰ 'ਇਵਾਨ' 22
5. ਕੰਬਲ ਦਾ ਨਿੱਘ 25
6. ਘਰ ਦਾ ਚਾਨਣ 29
7. ਢੰਗੀ ਬਾਂਦਰ, ਸਿਆਣਾ ਬਾਂਦਰ 32
8. ਸ਼ੁੱਧ ਪਾਣੀ ਦੀ ਭਾਲ 34
9. ਅੱਥਰੂਆਂ ਵਾਲੇ ਗੁਲਾਬ 37
10. ਬੱਚੇ ਦੀ ਸਿਆਣਪ 39

ਗੁਲਹਿਰੀ ਦੀ ਸਿਆਣਪ

11. ਗੁਲਹਿਰੀ ਦੀ ਸਿਆਣਪ 43
12. ਅਕਲਮੰਦ ਬੱਕਰੀਆਂ 44
13. ਸਿਆਣੀਆਂ ਕੀੜੀਆਂ 46
14. ਲਾਲਚੀ ਛਿਪਕਲੀ 47
15. ਈਰਖਾਲੂ ਕਾਂ 48
16. ਹੰਕਾਰੀ ਕੁੱਕੜ 49
17. ਚੂਚਾ ਤੇ ਨੀਲਕੰਠ 50
18. ਮੱਛਰ ਜਿੱਤਿਆ, ਸ਼ੇਰ ਹਾਰਿਆ 52
19. ਬਾਰਾਂਸਿੰਗਾ ਨੂੰ ਆਈ ਸਮਝ 54
20. ਪੈੜਾਂ ਦੀ ਪਛਾਣ 56

ਮਿੱਠੇ ਅੰਗੂਰ

21. ਮਿੱਠੇ ਅੰਗੂਰ 58
22. ਘੁੱਗੀ ਤੇ ਲੂੰਬੜੀ 59
23. ਬਿੱਲੀ ਤੇ ਲੂੰਬੜੀ 60
24. ਚਲਾਕ ਨਿੱਕੀ ਮੱਛੀ 61
25. ਸੱਚੀ ਦੋਸਤੀ 62
26. ਚੰਗੇ ਮਾੜੇ ਦੀ ਪਰਖ 64
27. ਦਲ ਬਦਲੂ 66
28. ਵਫ਼ਾਦਾਰ ਟੌਮੀ 67
29. ਹਾਥੀ ਤੇ ਸ਼ਹਿਦ ਦੀਆਂ ਮੱਖੀਆਂ 69
30. ਨਾਸ਼ੁਕਰਾ 71

# ਮੁੱਢਲੇ ਸ਼ਬਦ

## ਬਚਪਨ ਤੇ ਸਿਆਣਪ

ਬਚਪਨ ਜੀਵਨ ਦਾ ਅਰੰਭ ਹੈ, ਆਦਿ ਹੈ। ਜ਼ਿੰਦਗੀ ਦਾ ਸਵੇਰ ਵੇਲਾ। ਮਾਸੂਮੀਅਤ ਦੇ ਵਰ੍ਹਿਆਂ ਦੀ ਆਯੂ, ਨਿਰਮਲ ਤੇ ਨਿਰਛਲ ਅਵਸਥਾ। ਕਿਹਾ ਜਾਂਦਾ ਹੈ ਕਿ ਬਚਪਨ ਕਾਦਰ ਦੇ ਬਹੁਤ ਨਜ਼ਦੀਕ ਹੁੰਦਾ ਹੈ। ਅੰਗਰੇਜ਼ੀ ਕਵੀ ਵਰਡਜ਼ਵਥ ਬੱਚੇ ਨੂੰ ਰੱਬ ਦੇ ਨੇੜੇ ਹੋਣ ਦਾ ਸੰਕਲਪ ਚਿਤਰਦਾ ਹੈ। ਫਿਲਾਸਫ਼ਰ ਤਾਂ ਇਹ ਵੀ ਕਹਿ ਦਿੰਦੇ ਹਨ ਕਿ ਮਨੁੱਖ ਦਾ ਪਿਤਾ ਬੱਚਾ ਹੁੰਦਾ ਹੈ। (Child is the father of a Man) ਅਰਥਾਤ ਬੱਚੇ ਕੋਲ ਸਿਆਣਪ ਹੁੰਦੀ ਹੈ। ਭੋਲਾਪਣ ਤੇ ਸਿਆਣਪ ਜ਼ਿੰਦਗੀ ਦੇ ਦੋ ਵੱਖਰੇ ਕੰਮ ਹਨ। ਮਨੁੱਖ ਨਾਲੋਂ ਬੱਚਾ ਵਧੇਰੇ ਸਚਿਆਰਾ ਹੁੰਦਾ ਹੈ। ਉਮਰ ਬੀਤਣ ਨਾਲ ਮਨੁੱਖ ਵੱਡਾ ਹੁੰਦਾ ਹੈ। ਗਿਆਨ ਤੇ ਤਜਰਬੇ ਦੀਆਂ ਪੌੜੀਆਂ ਚੜ੍ਹਦਾ ਹੈ। ਤਜਰਬੇ ਦੇ ਆਧਾਰ ਨੂੰ ਮੁੱਖ ਰੱਖਦੇ ਹੋਏ ਕਥਨ ਹੈ: (Experience is the child of a man) ਮਨੋਵਿਗਿਆਨੀ ਡਾਕਟਰ ਤਾਂ ਇਹ ਮੰਨਦੇ ਹਨ ਕਿ ਬੱਚੇ ਦਾ ਪਹਿਲਾ ਇੱਕ ਵਰ੍ਹਾ ਉਸ ਦੀ ਦਿਮਾਗ਼ੀ ਸ਼ਕਤੀ ਪ੍ਰਫੁੱਲਤ ਹੋਣ ਦਾ ਹੁੰਦਾ ਹੈ। ਸਮੁੱਚੀ ਮਾਨਸਿਕ ਪ੍ਰਤਿਭਾ ਇਸ ਵਰ੍ਹੇ ਵਿਚ ਹੀ ਸੰਪੂਰਨ ਹੋ ਜਾਂਦੀ ਹੈ।

ਇਹ ਠੀਕ ਹੈ ਕਿ ਵਰ੍ਹਿਆਂ ਨਾਲ ਸੂਝ ਆਉਂਦੀ ਹੈ। ਆਲਾ-ਦੁਆਲਾ ਗ੍ਰਹਿਣ ਕਰਨ ਦੀ ਸ਼ਕਤੀ ਦਾ ਵਿਕਾਸ ਕਰਦਾ ਹੈ ਪਰੰਤੂ ਅਜਿਹੀਆਂ ਉਦਾਹਰਣਾ ਵੀ ਹਨ ਕਿ ਛੋਟੀ ਉਮਰ ਦੇ ਬੱਚਿਆਂ ਨੇ ਆਪਣੀ ਸੂਝ-ਸਿਆਣਪ ਨਾਲ ਇਤਿਹਾਸ ਸਿਰਜਿਆ ਹੈ। ਇਤਿਹਾਸ ਦੇ ਪੰਨਿਆਂ 'ਤੇ ਨਾਂ ਸਹਿਜ-ਕੀਤੇ ਅੰਕਿਤ ਨਹੀਂ ਹੁੰਦਾ। ਕੋਈ ਅਲੋਕਾਰੀ ਘਟਨਾ ਜਾਂ ਜੱਗ ਬਾਹਰੀ ਕੋਈ ਪ੍ਰਾਪਤੀ ਨਾਲ ਹੀ ਇਤਿਹਾਸ ਬਣਦਾ ਹੈ। ਬਾਲ-ਨਾਨਕ ਨੇ ਆਪਣੇ ਬਚਪਨ 'ਚ ਅਚੰਭਿਤ ਸਾਖੀਆਂ ਸਿਰਜ ਕੇ ਲੋਕਾਂ ਨੂੰ ਹੈਰਾਨ ਕੀਤਾ।

ਜਦੋਂ ਗੁਰੂ ਨਾਨਕ ਜੀ ਨੂੰ ਬੁੜਾ-ਬਾਲਕ ਮਿਲਿਆ ਤਾਂ ਉਸ ਦੀ

ਸਿਆਣਪ ਵੇਖ ਕੇ ਗੁਰੂ ਜੀ ਨੇ ਉਸ ਨੂੰ ਬੁੱਢਾ ਜੀ ਨਾਂ ਨਾਲ ਵਰੋਸਾਇਆ। ਇਹੋ ਬਾਬਾ ਬੁੱਢਾ ਜੀ ਸਤਿਕਾਰ ਦੇ ਪਾਤਰ ਬਣ ਕੇ ਛੇ ਪਾਤਸ਼ਾਹੀਆਂ ਤੱਕ ਗੁਰ-ਗੱਦੀ ਦੀ ਰਸਮ ਤੇ ਤਿਲਕ ਲਾਉਣ ਦੀ ਜ਼ਿੰਮੇਵਾਰੀ ਨਿਭਾਉਂਦੇ ਰਹੇ। ਉਹਨਾਂ ਦੀ ਵਿਦਵਤਾ ਬਾਰੇ ਸਿੱਖ ਇਤਿਹਾਸ 'ਚ ਘਟਨਾਵਾਂ ਦਾ ਜ਼ਿਕਰ ਆਉਂਦਾ ਹੈ।

ਕੈਸੇਬਿਆਕਾਂ ਨਾਂ ਦੇ ਬਾਲਕ ਨੇ ਸਮੁੰਦਰੀ ਜਹਾਜ਼ ਨੂੰ ਬਚਾਉਣ ਲਈ ਆਪਣੀ ਸਿਆਣਪ ਤੇ ਦਲੇਰੀ ਦੀ ਮਿਸਾਲ ਨਾਲ ਜਗਤ ਪ੍ਰਸਿੱਧੀ ਖੱਟੀ। ਹਕੀਕਤ ਰਾਏ ਦੀ ਕੁਰਬਾਨੀ ਨੇ ਆਪਣੀ ਸਿਦਕ-ਦਿਲੀ, ਨਿਰਭੈਤਾ ਤੇ ਸਿਆਣਪ ਨੇ ਸੰਕੀਰਨ ਸੋਚ ਤੇ ਹੱਠ ਨੂੰ ਹਰਾ ਕੇ, ਇਤਿਹਾਸ ਦੇ ਪੰਨਿਆਂ 'ਤੇ ਆਪਣਾ ਨਾਂ ਅੰਕਿਤ ਕਰਵਾਇਆ।

ਅਸੀਂ ਵੱਡ-ਉਮਰੇ ਕਈ ਵੇਰ ਬੱਚੇ ਨੂੰ ਛੋਟਾ ਹੋਣ ਕਰਕੇ ਅਣਗੌਲਿਆ ਕਰ ਦਿੰਦੇ ਹਾਂ। ਉਸ ਦੇ ਅੰਦਰਲੇ ਸੰਸਾਰ ਨੂੰ ਅਣਡਿੱਠ ਕਰ ਦੇਂਦੇ ਹਾਂ। ਅਸੀਂ ਆਪਣੀ ਬਾਲ-ਵਰੇਸ ਉਮਰ ਨੂੰ ਭੁੱਲ ਜਾਂਦੇ ਹਾਂ। ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਬੱਚਾ ਕੁਦਰਤ ਦੇ ਬਹੁਤ ਨੇੜੇ ਹੁੰਦਾ ਹੈ। ਬੱਚੇ ਦੀ ਅਗੰਮੀ-ਕਲਪਨਾ ਤੇ ਨਿਰਛੱਲਤਾ, ਨਿਰਮਲ ਝਰਨੇ ਵਰਗੀ ਹੁੰਦੀ ਹੈ। ਬੱਚਾ ਜਾਤ-ਪਾਤ, ਊਚ-ਨੀਚ, ਧਰਮ, ਕਰਮ-ਕਾਂਡ, ਲਿੰਗ-ਅੰਤਰ, ਭਾਸ਼ਾ, ਕੌਮੀਅਤ ਆਦਿ ਤੋਂ ਅਭਿੱਜ ਹੁੰਦਾ ਹੈ।

ਜੀਵਨ ਵਿੱਚ ਉਮਰ ਦੇ ਵਰ੍ਹੇ ਆਪਣੀ ਥਾਂ ਮਹੱਤਵ ਰੱਖਦੇ ਹਨ। ਉਮਰ 'ਚ ਵਡੇਰੇ ਹੋਣ ਕਰਕੇ, ਅਸੀਂ ਬਜ਼ੁਰਗਾਂ ਦਾ ਸਤਿਕਾਰ ਕਰਨਾ ਆਪਣਾ ਫ਼ਰਜ਼ ਸਮਝਦੇ ਹਾਂ। ਇਹ ਨਰੋਈਆਂ ਨੈਤਿਕ-ਕਦਰਾਂ ਦੇ ਵਿਰਸੇ ਨੂੰ ਸੰਭਾਲਣ ਵਰਗੀ ਗੱਲ ਹੈ। ਛੋਟੇ ਨੂੰ ਪਿਆਰ ਕਰਨਾ ਤੇ ਵੱਡੇ ਦਾ ਸਤਿਕਾਰ ਕਰਨਾ, ਸਿਖਾਇਆ ਜਾਣਾ ਜ਼ਰੂਰੀ ਹੈ।

ਸ੍ਰੀ ਅਨੰਦਪੁਰ ਸਾਹਿਬ ਜਦੋਂ ਕਸ਼ਮੀਰੀ ਪੰਡਤ, ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਆਪਣੀ ਪੁਕਾਰ ਲੈ ਕੇ ਸੁਰੱਖਿਅਤਾ ਲਈ ਅਰਜ਼ੋਈ ਕਰਨ ਆਏ ਤਾਂ ਬਾਲ-ਗੋਬਿੰਦ ਜੋ ਨੌਂ ਕੁ ਵਰ੍ਹਿਆਂ ਦੇ ਸਨ, ਨੇ ਆਪਣੀ ਸੰਜੀਦਗੀ ਤੇ ਸਿਆਣਪ ਨਾਲ ਆਪਣੇ ਗੁਰੂ-ਪਿਤਾ ਨੂੰ ਅਚੰਭਤ ਕਰ ਦਿੱਤਾ। "ਪਿਤਾ ਜੀ, ਆਪ ਜੀ ਤੋਂ ਮਹਾਨ ਹੋਰ ਕੌਣ ਹੈ ਜੋ ਦਰਦਮੰਦਾਂ ਦੀ ਮਦਦ ਕਰ ਸਕਦਾ ਹੈ।" ਇਸ ਇਤਿਹਾਸਕ

ਘਟਨਾ ਨੂੰ ਕਿਵੇਂ ਭੁੱਲਿਆ ਜਾ ਸਕਦਾ ਹੈ। ਦਲੇਰੀ ਤੇ ਸਾਹਸ ਲਈ ਸਿਆਣਪ ਹੋਣੀ ਜ਼ਰੂਰੀ ਹੈ। ਦਸਮ ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਨੇ ਛੋਟੀ ਉਮਰ ਹੁੰਦਿਆਂ, ਆਪਣੀ ਸੂਝ ਸਿਆਣਪ ਤੇ ਨਿਡਰਤਾ ਸਦਕਾ 'ਬਾਬਾ' ਦਾ ਖਿਤਾਬ ਪ੍ਰਾਪਤ ਕੀਤਾ। ਸੰਸਾਰ 'ਚ ਹੋਰ ਅਜਿਹੇ ਸਿਆਣੇ-ਬਾਲਕ ਹੋਏ ਹਨ ਜਿਨ੍ਹਾਂ ਨੇ ਛੋਟੇ ਹੁੰਦਿਆਂ ਵੱਡਾ ਜਸ ਖੱਟਿਆ ਹੈ। ਮਾਵਾਂ ਦੇ ਅਜਿਹੇ ਨੂਰੀ-ਬਾਲਕਾਂ ਨੂੰ ਸਾਡਾ ਸਿਜਦਾ!!

ਪੰਜਾਬੀ ਵਿਚ ਜੀਵਨੀ-ਸਾਹਿਤ 'ਚੋਂ ਮਹਾਨ ਪੁਰਖਾਂ ਦੇ ਜੀਵਨ 'ਚੋਂ ਅਜਿਹੀਆਂ ਬਚਪਨ ਦੀਆਂ ਘਟਨਾਵਾਂ ਨੂੰ ਬੱਚਿਆਂ ਦੇ ਸਨਮੁਖ ਕਰਨ ਤਾਂ ਜੋ ਅੱਜ ਦੇ ਬਾਲਕ ਆਪਣੇ ਇਤਿਹਾਸ, ਵਿਰਸੇ ਤੇ ਸਭਿਆਚਾਰ ਤੋਂ ਜਾਣੂੰ ਹੋ ਸਕਣ। ਪੰਜਾਬੀ ਬਾਲ-ਸਾਹਿਤ ਵਿਚ ਅਜਿਹੀਆਂ ਰਚਨਾਵਾਂ ਦੀ ਬੜੀ ਲੋੜ ਹੈ। ਮੈਂ ਆਪਣੀ ਹਥਲੀ ਬਾਲ ਕਹਾਣੀਆਂ ਦੀ ਪੁਸਤਕ **'ਬੋਟਾਂ ਵਾਲਾ ਲੈਟਰਬਾਕਸ'** ਵਿੱਚ ਕੁਝ ਕਹਾਣੀਆਂ ਇਸ ਉਦੇਸ਼-ਪੂਰਤੀ ਲਈ ਸ਼ਾਮਲ ਕੀਤੀਆਂ ਹਨ।

ਉਮੀਦ ਹੈ ਬਾਲ-ਪਾਠਕਾਂ ਨੂੰ ਇਹ ਕਹਾਣੀਆਂ ਪਸੰਦ ਆਉਣਗੀਆਂ।

**ਮਨਮੋਹਨ ਸਿੰਘ ਦਾਊਂ**

ਮੋਬਾ. 9815123900

# ਬੋਟਾਂ ਵਾਲਾ ਲੈਟਰਬਾਕਸ

ਨਿਸ਼ੀ ਅੱਠਵੀਂ ਸ਼੍ਰੇਣੀ 'ਚ ਪੜ੍ਹਦੀ ਸੀ। ਉਸ ਦੇ ਸਾਲਾਨਾ ਪੇਪਰ ਹੋ ਚੁੱਕੇ ਸਨ। ਉਸ ਦੇ ਪਿਤਾ ਕੁਲਜੀਤ ਸਿੰਘ ਤੇ ਮਾਤਾ ਪ੍ਰੀਤਮ ਕੌਰ ਨੇ ਆਪਣੀ ਵੱਡੀ ਬੇਟੀ ਧਨਮੀਤ ਨੂੰ ਮਿਲਣ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ। ਧਨਮੀਤ ਨੂੰ ਇੰਗਲੈਂਡ ਗਿਆਂ ਤਿੰਨ ਸਾਲ ਹੋ ਗਏ ਸਨ। ਉਹ ਇੰਗਲੈਂਡ ਦੇ ਹੀਥਰੋ ਹਵਾਈ ਅੱਡੇ 'ਤੇ ਨੌਕਰੀ ਕਰਦੀ ਸੀ। ਉਸ ਨੇ ਬੁਲਾਵਾ ਭੇਜ ਦਿੱਤਾ ਸੀ ਤਾਂ ਜੋ ਉਸ ਦੇ ਮਾਪੇ ਆ ਸਕਣ। ਪਾਸਪੋਰਟ ਪਿਛਲੇ ਸਾਲ ਬਣਵਾ ਲਏ ਸਨ। ਨਿਸ਼ੀ ਨੂੰ ਜਾਣ ਦਾ ਬਹੁਤ ਚਾਅ ਸੀ। ਵੀਜ਼ੇ ਆਏ ਨੂੰ ਵੀ ਕਈ ਦਿਨ ਹੋ ਗਏ ਸਨ। ਤਿੰਨ ਹਫ਼ਤਿਆਂ ਲਈ ਵੀਜ਼ਾ ਲੱਗਿਆ ਸੀ। ਕੁਲਜੀਤ ਸਿੰਘ ਨੇ ਆਪਣੇ ਤਿੰਨਾਂ ਦੀਆਂ ਟਿਕਟਾਂ ਲੈ ਲਈਆਂ। ਦਿੱਲੀਓਂ ਬਿਨਾਂ ਕਿਤੇ ਠਹਿਰ ਇੰਗਲੈਂਡ ਦਾ ਟਿਕਟ ਸੀ। ਇਹ ਹਵਾਈ ਸਫ਼ਰ ਲਗਪਗ ਨੌਂ-ਦਸ ਘੰਟਿਆਂ ਦਾ ਸੀ।

ਐਤਵਾਰ ਨੂੰ ਸਵੱਖਤੇ ਟੈਕਸੀ ਕਰਕੇ, ਐਸ ਏ ਐਸ ਨਗਰ (ਮੋਹਾਲੀ) ਤੋਂ ਨਿਸ਼ੀ ਆਪਣੇ ਮਾਪਿਆਂ ਨਾਲ ਦਿੱਲੀ ਅੰਤਰ ਰਾਸ਼ਟਰੀ ਹਵਾਈ ਅੱਡੇ (Airport) 'ਤੇ ਪੁੱਜ ਗਈ। ਗੇਟ 'ਤੇ ਚੈਕਿੰਗ ਹੋਈ। ਸਭ ਠੀਕ ਠਾਕ ਹੋ ਗਿਆ। ਸਵੇਰ ਦੇ ਦਸ ਵਜ ਗਏ ਸਨ। ਉਨ੍ਹਾਂ ਦੀ ਫਲਾਈਟ ਦੋ ਵਜੇ ਬਾਅਦ ਦੁਪਹਿਰ ਸੀ। ਹਵਾਈ ਅੱਡੇ ਨੂੰ ਵੇਖ ਕੇ ਨਿਸ਼ੀ ਬਹੁਤ ਖੁਸ਼ ਹੋ ਰਹੀ ਸੀ। ਹਵਾਈ ਜਹਾਜ਼ ਰਾਹੀਂ ਇਹ ਉਨ੍ਹਾਂ ਦਾ ਪਹਿਲਾ ਸਫ਼ਰ ਸੀ। ਆਪਣੀ ਭੈਣ ਨੂੰ ਮਿਲਣ ਲਈ ਉਸ ਦਾ ਸੁਪਨਾ ਪੂਰਾ ਹੋ ਰਿਹਾ ਸੀ। ਫਲਾਈਟ ਦਾ ਸਮਾਂ ਹੋ ਗਿਆ ਤੇ ਉਹ ਤਿੰਨੇ ਹਵਾਈ ਜਹਾਜ਼ ਵਿੱਚ ਆਪਣੀਆਂ-ਆਪਣੀਆਂ ਸੀਟਾਂ 'ਤੇ ਬੈਠ ਗਏ। ਹੋਸਟੈਸ ਨੇ ਮੁਸਾਫਰਾਂ ਨੂੰ ਹਦਾਇਤਾਂ ਦਿੱਤੀਆਂ ਤੇ ਸਾਰਿਆਂ ਨੇ ਬੈਲਟਾਂ ਕਸ ਲਈਆਂ। ਇੰਗਲੈਂਡ ਲਈ ਜਹਾਜ਼ ਨੇ ਉਡਾਰੀ ਭਰੀ, ਉਤਾਂਹ ਜਾ ਕੇ ਆਪਣੇ ਪੰਧ 'ਤੇ ਪੈ ਗਿਆ। ਨਿਸ਼ੀ ਨੂੰ ਬੜਾ ਮਜ਼ਾ ਆ ਰਿਹਾ ਸੀ। ਹੋਸਟੈਸਾਂ ਯਾਤਰੀਆਂ ਦੇ ਖਾਣ-ਪੀਣ ਦੀਆਂ ਸੇਵਾਵਾਂ ਕਰਨ ਲੱਗੀਆਂ। ਉਨ੍ਹਾਂ ਦਾ ਯਾਤਰੀਆਂ ਨਾਲ ਚੰਗਾ

ਵਿਵਹਾਰ ਵੇਖ ਕੇ ਨਿਸ਼ੀ ਦਾ ਜੀਅ ਕੀਤਾ ਕਿ ਮੈਂ ਵੀ ਹੋਸਟੈਸ ਬਣਾਂਗੀ ਤੇ ਆਪਣੀ ਭੈਣ ਨੂੰ ਜਦ ਮਰਜ਼ੀ ਮਿਲ ਲਿਆਂ ਕਰਾਂਗੀ। ਜਹਾਜ਼ ਉਡਦਾ ਜਾ ਰਿਹਾ ਸੀ ਤੇ ਨਿਸ਼ੀ ਆਪਣੇ ਮਾਤਾ-ਪਿਤਾ ਨਾਲ ਕਈ ਤਰ੍ਹਾਂ ਦੀ ਜਾਣਕਾਰੀ ਵੀ ਲੈ ਰਹੀ ਸੀ। ਸੂਚਨਾ ਦਿੱਤੀ ਗਈ ਕਿ ਜਹਾਜ਼ ਆਪਣੇ ਮਿੱਥੇ ਸਥਾਨ ਹੀਥਰੋ ਉਤਰਨ ਵਾਲਾ ਹੈ। ਹਦਾਇਤਾਂ ਅਨੁਸਾਰ ਸਾਰੇ ਯਾਤਰੀ ਚੌਕਸ ਹੋ ਗਏ। ਕੁਝ ਮਿੰਟਾਂ ਵਿਚ ਜਹਾਜ਼ ਥੱਲੇ ਉਤਰ ਗਿਆ। ਯਾਤਰੀ ਬਾਹਰ ਨਿਕਲਣ ਲੱਗੇ ਤੇ ਦੱਸੇ ਕਾਊਂਟਰਾਂ 'ਤੇ ਆਪਣੇ ਪਾਸਪੋਰਟਾਂ 'ਤੇ ਇਮਗਰੀਏਸ਼ਨ ਦੀ ਸਟੈਂਪ ਲਗਵਾ ਕੇ, ਗਰੀਨ ਗੇਟ ਰਾਹੀਂ ਬਾਹਰ ਨਿਕਲਣ ਲੱਗੇ। ਨਿਸ਼ੀ ਤੇ ਉਸ ਦੇ ਮਾਪਿਆਂ ਨੂੰ ਕੋਈ ਔਕੜ ਨਾ ਆਈ ਕਿਉਂਕਿ ਧਨਮੀਤ ਨੇ ਉਨ੍ਹਾਂ ਨੂੰ ਸਭ ਕੁਝ ਸਮਝਾਇਆ ਹੋਇਆ ਸੀ।

ਗਰੀਨ ਗੇਟ 'ਤੇ ਧਨਮੀਤ ਉਡੀਕ ਕਰ ਰਹੀ ਸੀ। ਤਿੰਨਾਂ ਨੂੰ ਵੇਖ ਕੇ, ਉਹ ਝੂਮ ਉੱਠੀ। ਗਲਵਕੜੀਆਂ ਪਾ-ਪਾ ਮਿਲਣ ਲੱਗੀ। ਨਿਸ਼ੀ ਨੂੰ ਜਿਵੇਂ ਨਵੀਂ ਦੁਨੀਆਂ ਮਿਲ ਗਈ ਹੋਵੇ। ਦੋਵੇਂ ਭੈਣਾਂ ਇੱਕ ਦੂਜੀ ਨੂੰ ਚੁੰਮਣ ਲੱਗੀਆਂ। ਧਨਮੀਤ ਨੇ ਆਪਣੀ ਕਾਰ 'ਚ ਬੈਠਾਅ, ਆਪਣੇ ਮਕਾਨ ਵੱਲ ਕਾਰ ਤੋਰ ਲਈ। ਇਵਨ ਹੋ ਰੋਡ, ਹਾਂਊਂਸਲੋ ਕੇਵਲ ਪੰਦਰਾਂ ਮਿੰਟ ਦਾ ਰਸਤਾ ਸੀ। ਧਨਮੀਤ ਦੇ ਘਰ ਦਾ ਨੰਬਰ ਐਚ 10, TWA, 7JJ. UK. (ਲੰਡਨ) ਪੜ੍ਹ ਕੇ, ਨਿਸ਼ੀ ਆਪਣਾ ਸ਼ਹਿਰ ਮੁਹਾਲੀ ਭੁੱਲ ਗਈ। ਘਰ 'ਚ ਪ੍ਰਵੇਸ਼ ਕਰਕੇ, ਸਾਰਾ ਸਾਮਾਨ ਸਾਂਭ ਲਿਆ ਤੇ ਧਨਮੀਤ ਨੇ ਗਰਮ-ਗਰਮ ਕੌਫ਼ੀ ਪਲਾ ਕੇ ਥਕਾਵਟ ਲਾਹ ਦਿੱਤੀ। ਰਾਤਰੀ ਖਾਣਾ ਤਾਂ ਜਹਾਜ਼ ਵਾਲਿਆਂ ਖੁਆ ਦਿੱਤਾ ਸੀ। ਬੱਸ ਸੌਣ ਲਈ ਤਿਆਰੀ ਕਰਕੇ ਸਾਰੇ ਸੌਂ ਗਏ। ਹਫ਼ਤੇ ਦੇ ਅੰਦਰ ਦੇਖਣ ਵਾਲੀਆਂ ਥਾਵਾਂ ਦਾ ਪ੍ਰੋਗਰਾਮ ਧਨਮੀਤ ਨੇ ਪਹਿਲਾਂ ਹੀ ਬਣਾਇਆ ਹੋਇਆ ਸੀ।

ਸਵੇਰ ਹੋਈ। ਤਿਆਰੀ ਕੀਤੀ, ਨਾਸ਼ਤਾ ਕੀਤਾ ਅਤੇ ਨੇੜੇ ਦੇ ਗੁਰਦੁਆਰਾ ਸਾਹਿਬ ਮੱਥਾ ਟੇਕਣ ਚੱਲ ਪਏ। ਕੀਰਤਨ ਸੁਣ ਕੇ ਸਾਰੇ ਮੁਗਧ ਹੋ ਗਏ। ਕੜਾਹ ਪ੍ਰਸਾਦ ਲਿੱਤਾ। ਬਾਹਰ ਵਰਾਂਡੇ 'ਚ ਚਾਹ ਦਾ ਲੰਗਰ ਤਿਆਰ ਸੀ। ਸਾਫ਼-ਸਫ਼ਾਈ ਤੇ ਸੁੰਦਰਤਾ ਵੇਖ ਕੇ ਨਿਸ਼ੀ ਤੇ ਉਸ ਦੇ ਮਾਪੇ ਬਹੁਤ ਪ੍ਰਭਾਵਿਤ ਹੋਏ। ਘਰ ਆ ਕੇ, ਅੱਜ ਉਨ੍ਹਾਂ ਨੇ ਅਰਾਮ ਕਰਨਾ ਸੀ। ਇੰਗਲੈਂਡ ਵਿੱਚ ਘਰਾਂ ਦੀ

ਸਫ਼ਾਈ ਵਿਸ਼ੇਸ਼ ਖਿੱਚ ਦਾ ਕੇਂਦਰ ਸੀ। ਨੇੜੇ ਹੀ ਮਾਰਕਿਟ ਸੀ ਜਿੱਥੋਂ ਹਰ ਵਸਤ ਮਿਲਦੀ ਸੀ। ਧਨਮੀਤ ਨੇ ਦੱਸਿਆ ਕਿ ਹੀਥਰੋ ਦੁਨੀਆਂ ਦਾ ਅਜਿਹਾ ਹਵਾਈ-ਅੱਡਾ ਜਿੱਥੇ ਪੰਜ-ਪੰਜ ਮਿੰਟ ਬਾਅਦ ਹਵਾਈ ਜਹਾਜ਼ਾਂ ਦੀਆਂ ਉਡਾਣਾਂ ਹੁੰਦੀਆਂ ਰਹਿੰਦੀਆਂ। ਅਗਲੇ ਛੇ-ਸੱਤ ਦਿਨ ਧਨਮੀਤ ਨੇ ਉਨ੍ਹਾਂ ਨੂੰ ਲੰਡਨ ਦੀਆਂ ਕੁਝ ਵੇਖਣ ਯੋਗ ਥਾਵਾਂ ਤੇ ਅਜਾਇਬ ਘਰ ਵਿਖਾਏ। ਉਨ੍ਹਾਂ ਦੇ ਨੇੜੇ ਹੀ ਜ਼ਮੀਨ ਦੇ ਥੱਲੇ ਚੱਲਣ ਵਾਲੀਆਂ ਰੇਲ ਗੱਡੀਆਂ ਦਾ ਸਟੇਸ਼ਨ ਸੀ ਜਿਸ ਨੂੰ ਟਿਯੂਬ ਟ੍ਰੇਨ ਵੀ ਕਿਹਾ ਜਾਂਦਾ ਹੈ। ਧਰਤੀ ਤੋਂ 90 ਮੀਟਰ ਥੱਲੇ ਕਈ ਲੈਵਲਾਂ 'ਤੇ ਇਹ ਟ੍ਰੇਨਾਂ ਬਹੁਤ ਤੇਜ਼ ਦੌੜਦੀਆਂ ਹਨ। ਜ਼ਮੀਨ ਥੱਲੇ ਹੀ ਪੂਰੀ ਆਵਾ ਜਾਈ ਹੈ ਤੇ ਦੁਕਾਨਾਂ ਵੀ ਹਨ। ਨਿਸ਼ੀ ਇਹ ਕ੍ਰਿਸ਼ਮਾ ਵੇਖ ਕੇ ਬਹੁਤ ਹੈਰਾਨ ਹੋਈ। ਕਿੰਨੇ ਸਦੀਆਂ ਪਹਿਲਾਂ ਇਹ ਸਾਰਾ ਸਿਸਟਮ ਅੰਗਰੇਜ਼ ਸਰਕਾਰ ਨੇ ਕੀਤਾ ਹੋਇਆ। ਦਰਿਆ ਥੇਮਜ਼ ਵਾਲੀ ਥਾਂ ਵੇਖ ਕੇ ਸਾਰੇ ਹੈਰਾਨ ਹੋ ਰਹੇ ਸਨ। ਬਿੱਗ ਬੈੱਨ ਕਲਾਕ ਬੜਾ ਦਿਲ ਖਿੱਚਵਾਂ ਸੀ। 'ਲੰਡਨ ਆਈ' ਦਾ ਵੱਡ ਅਕਾਰੀ ਚੱਕਰ ਦੂਰੋਂ ਹੀ ਵੇਖ ਕੇ ਕੁਲਜੀਤ ਸਿੰਘ ਖ਼ੁਸ਼ ਹੋ ਰਿਹਾ ਸੀ। ਇਹ 45 ਮਿੰਟਾਂ 'ਚ ਪੂਰਾ ਚੱਕਰ ਕਟ ਲੈਂਦਾ ਹੈ। ਇਕ ਦਿਨ ਉਨ੍ਹਾਂ ਨੇ ਨੈਸ਼ਨਲ ਆਰਟ ਗੈਲਰੀ ਲੰਡਨ ਵੇਖੀ। ਕਵੀਨ ਵਿਕਟੋਰੀਆ ਸਮਾਰਕ ਬਰਮਿੰਘਮ ਵਿਖੇ ਫੋਟੋਆਂ ਉਤਰਾਈਆਂ। ਸਾਇੰਸ ਮਿਊਜ਼ੀਅਮ ਲੰਡਨ ਨਿਸ਼ੀ ਨੂੰ ਬਹੁਤ ਚੰਗਾ ਲੱਗਿਆ। ਮੋਮ ਦੇ ਬੁੱਤਾਂ ਵਾਲਾ ਸੰਸਾਰ ਪ੍ਰਸਿੱਧ ਮਿਊਜ਼ੀਅਮ Madame Tussauds London ਬਹੁਤ ਚੰਗਾ ਲੱਗਿਆ। ਨਿਸ਼ੀ ਦੀ ਮੰਮੀ ਨੇ ਫੋਟੋਆਂ ਲਿੱਤੀਆਂ। ਘਰੋਂ ਦੂਰ ਇੱਕ ਦਿਨ ਮਹਾਰਾਣੀ ਵਿਕਟੋਰੀਆ ਦੇ ਵਿੰਡਸਰ ਕੈਸਲ (ਕਿਲ੍ਹਾ) ਵੀ ਵੇਖਿਆ ਤੇ ਉਥੋਂ ਮਾਰਕਿਟ 'ਚੋਂ ਯਾਦ-ਨਿਸ਼ਾਨੀ ਵੱਜੋਂ ਕੁਝ ਸੁਗਾਤਾਂ ਵੀ ਖਰੀਦੀਆਂ। ਉੱਥੇ ਪੂਰਾ ਮੇਲਾ ਲੱਗਿਆ ਵੇਖ ਕੇ, ਨਿਸ਼ੀ ਨੂੰ ਚੰਡੀਗੜ੍ਹ ਦੀ ਸਤਾਰਾਂ ਸੈਕਟਰ ਵਾਲੀ ਮਾਰਕਿਟ ਯਾਦ ਆ ਗਈ। ਨੈਸ਼ਨਲ ਗੈਲਰੀ ਮਿਊਜ਼ੀਅਮ ਤਾਂ ਸੱਚਮੁੱਚ ਹੀ ਅਦੁੱਤੀ ਹੈ। ਸੰਸਾਰ ਦੀ ਕਲਾ ਦੇ ਦਰਸ਼ਨ ਹੁੰਦੇ ਹਨ। ਧਨਮੀਤ ਉਨ੍ਹਾਂ ਨੂੰ ਜਾਣਕਾਰੀ ਦੇਣ ਵਿੱਚ ਮਾਹਿਰ ਸੀ। ਕੁਲਜੀਤ ਸਿੰਘ ਨੂੰ ਆਪਣੀ ਬੇਟੀ ਦੀ ਕਾਬਲੀਅਤ 'ਤੇ ਗੌਰਵ ਹੋ ਰਿਹਾ ਸੀ। ਠੀਕ ਕਿਹਾ ਹੈ ਕਿ ਧੀਆਂ ਘਰ ਦਾ ਚਾਨਣ ਹੁੰਦੀਆਂ ਹਨ।

ਅਜੇ ਕੁਝ ਦਿਨ ਹੀ ਹੋਏ ਸਨ। ਖ਼ਬਰ ਫੈਲ ਗਈ ਕਿ ਕਰੋਨਾ ਮਹਾਂਮਾਰੀ

ਦਾ ਮਾਰੂ ਪ੍ਰਭਾਵ ਯੂ.ਕੇ.(ਇੰਗਲੈਂਡ) 'ਤੇ ਵੀ ਹੋ ਗਿਆ ਹੈ। ਸਰਕਾਰ ਨੇ ਤੁਰੰਤ ਲਾਕਡਾਊਨ ਤੇ ਕਰਫਿਊ ਲਾ ਦਿੱਤਾ। ਆਪਣੇ-ਆਪਣੇ ਘਰ 'ਚ ਰਹਿਣ ਦਾ ਹੁਕਮ ਜਾਰੀ ਹੋ ਗਿਆ। ਧਨਮੀਤ ਚਾਹੁੰਦੀ ਸੀ ਕਿ ਉਹ ਆਪਣੇ ਮਾਪਿਆਂ ਤੇ ਭੈਣ ਨੂੰ ਹੋਰ ਥਾਵਾਂ ਦੀ ਸੈਰ ਵੀ ਕਰਾਏ ਪਰੰਤੂ ਸਭ ਕੁੱਝ ਠੱਪ ਹੋ ਗਿਆ। ਭਾਰਤ ਵਿੱਚ ਵੀ ਲਾਕਡਾਊਨ ਤੇ ਕਰਫਿਊ ਲਾਗੂ ਹੋ ਗਿਆ। ਧਨਮੀਤ ਨੇ ਆਨ-ਲਾਈਨ ਆਪਣੇ ਮਾਪਿਆਂ ਦੀਆਂ ਵਾਪਸ ਜਾਣ ਦੀਆਂ ਤਾਰੀਖਾਂ ਅੱਗੇ ਪੁਆ ਦਿੱਤੀਆਂ। ਨਿਸ਼ੀ ਪੁੱਛਣ ਲੱਗੀ, “ਪਾਪਾ, ਹੁਣ ਅਸੀਂ ਵਾਪਸ ਕਦੋਂ ਜਾਵਾਂਗੇ, ਮੁਹਾਲੀ ਨੂੰ?” “ਜਦੋਂ ਕਰਫਿਊ ਤੇ ਲਾਕਡਾਊਨ ਖ਼ਤਮ ਹੋਵੇਗਾ ਜਾਂ ਜਦੋਂ ਸਰਕਾਰਾਂ ਯਾਤਰੀਆਂ ਨੂੰ ਫਲਾਈਟਸ ਦੀ ਆਗਿਆ ਦੇਣਗੀਆਂ,” ਕੁਲਜੀਤ ਸਿੰਘ ਨੇ ਦਿਲਾਸਾ ਦੇਂਦਿਆਂ ਕਿਹਾ। “ਆਪਾਂ ਇੱਥੇ ਧਨਮੀਤ ਦੇ ਘਰ ਹਾਂ। ਹੁਕਮ ਦੀ ਪਾਲਣਾ ਕਰਨਾ, ਹਰ ਇਕ ਮਨੁੱਖ ਦਾ ਫਰਜ਼ ਹੈ”, ਪ੍ਰੀਤਮ ਕੌਰ ਨੇ ਬੜੀ ਤਸੱਲੀ ਨਾਲ ਸਾਰਿਆਂ ਨੂੰ ਆਖਿਆ। ਸਾਰੇ ਘਰ ਰਹਿਕੇ ਰਲ ਮਿਲ ਕੇ ਸਮਾਂ ਲੰਘਾਉਂਦੇ ਰਹੇ।

ਆਖ਼ਰ ਇਕ ਦਿਨ ਸਰਕਾਰਾਂ ਵੱਲੋਂ ਫਲਾਈਟਸ ਦੀ ਆਗਿਆ ਦੇ ਦਿੱਤੀ। ਨਿਸ਼ੀ ਨੂੰ ਆਪਣੀ ਨਵੀਂ ਕਲਾਸ ਦੀ ਪੜ੍ਹਾਈ ਦਾ ਫ਼ਿਕਰ ਸੀ। 'ਰੱਬ, ਰੱਬ ਕਰਕੇ, ਉਨ੍ਹਾਂ ਨੇ ਭਾਰਤ ਮੁੜਨ ਦੀਆਂ ਟਿਕਟਾਂ ਲਿੱਤੀਆਂ ਤੇ ਧਨਮੀਤ ਨੂੰ ਸਾਬਾਸ਼ ਤੇ ਸ਼ੁਭ-ਇਛਾਵਾਂ ਦੇ ਕੇ ਆਗਿਆ ਲਿੱਤੀ। ਬਾਇ-ਬਾਇ ਆਖਦਿਆਂ, ਧਨਮੀਤ ਹੀਥਰੋ ਹਵਾਈ ਅੱਡੇ ਤੋਂ ਵਿਹਲੀ ਹੋਈ। ਹਵਾਈ ਜਹਾਜ਼ ਉਡਾਰੀਆਂ ਭਰਦਾ ਦਿੱਲੀ ਆ ਉਤਰਿਆ।

ਕੁਲਜੀਤ ਸਿੰਘ, ਪ੍ਰੀਤਮ ਕੌਰ ਤੇ ਨਿਸ਼ੀ ਦਾ ਏਅਰ-ਪੋਰਟ 'ਤੇ ਮੈਡੀਕਲ-ਚੈੱਕਅਪ ਹੋਇਆ। ਓ.ਕੇ. ਕਹਿਕੇ ਗਰੀਨ ਗੇਟ ਰਾਹੀਂ ਨਿਕਲਣ ਦੀ ਆਗਿਆ ਮਿਲ ਗਈ। ਸਾਰਾ ਸਾਮਾਨ ਠੀਕ-ਠਾਕ ਲੈਂਦਿਆਂ ਟੈਕਸੀ ਕਰ ਕੇ ਉਹ ਆਪਣੇ ਘਰ ਮੁਹਾਲੀ ਤੀਜੇ ਪਹਿਰ ਪਹੁੰਚ ਗਏ।

ਸੁੱਖ ਦਾ ਸਾਹ ਆਇਆ। ਜਿੰਦਰੇ ਲੱਗਿਆ ਘਰ ਸੁੰਨਾ ਪਿਆ ਸੀ। ਖੁੱਲ੍ਹਣ ਨਾਲ ਮਹਿਕ ਪਿਆ। ਲਾਈਟਾਂ ਜਗੀਆਂ ਤੇ ਘਰ ਜਿਵੇਂ ਜਾਗ ਉੱਠਿਆ। ਸਾਰਾ ਕੁਝ ਮੁੜ ਪਹਿਲਾਂ ਵਾਂਗ ਹੋ ਗਿਆ।

ਸ਼ਾਮੀ ਕੁਲਜੀਤ ਸਿੰਘ ਨੇ ਬਾਹਰ ਗੇਟ 'ਤੇ ਲੱਗਿਆ ਵੱਡੇ ਮੂੰਹ ਵਾਲਾ

ਲੈਟਰ-ਬਾਕਸ ਅੰਦਰਲੇ ਪਾਸਿਓਂ ਖੋਲ੍ਹਿਆ ਤਾਂ ਉਹ ਹੈਰਾਨ ਹੋ ਗਿਆ ਕਿ ਇੱਕ ਚਿੜੀ ਦੇ ਦੋ ਬੋਟ ਚੀਂ-ਚੀਂ ਕਰਨ ਲੱਗੇ। ਕਿਸੀ ਚਿੜੀ ਨੇ ਸੁੰਨੇ ਪਏ ਲੈਟਰ-ਬਾਕਸ ਨੂੰ ਆਪਣਾ ਆਲ੍ਹਣਾ ਬਣਾਉਣ ਲਈ ਢੁਕਵਾਂ ਸੋਚਿਆ। ਲਾਕਡਾਊਨ ਤੇ ਕਰਫਿਊ ਨੂੰ ਲੱਗਿਆ ਕਰੀਬ ਮਹੀਨਾ ਹੋ ਗਿਆ ਸੀ ਤੇ ਡਾਕ-ਪੱਤਰ ਵੀ ਸਭ ਆਉਣੇ-ਜਾਣੇ  ਬੰਦ ਸਨ। ਲੈਟਰ-ਬਾਕਸ ਖਾਲੀ ਪਿਆ ਹੋਣ ਕਾਰਨ, ਚਿੜੀ ਨੇ ਇਸ ਵਿੱਚ ਆਲ੍ਹਣਾ ਬਣਾ ਆਂਡੇ ਦੇ ਦਿੱਤੇ ਤੇ ਫਿਰ ਬੋਟਾਂ ਨੇ ਜਨਮ ਲੈ ਲਿਆ।

ਕੁਲਜੀਤ ਸਿੰਘ ਨੇ ਬਾਹਰ ਆਉਣ ਲਈ ਨਿਸ਼ੀ ਨੂੰ ਹਾਕ ਮਾਰੀ। ਉਹ ਤੇ ਉਸ ਦੀ ਮੰਮੀ ਝੱਟ ਬਾਹਰ ਆ ਗਈਆਂ।

"ਵੇਖੋ-ਵੇਖੋ, ਦੋ ਬੋਟ ਕਿੰਨੇ ਪਿਆਰੇ ਨੇ, ਕਿਸੇ ਚਿੜੀ ਨੇ ਦਿੱਤੇ", ਕੁਲਜੀਤ ਸਿੰਘ ਖੁਸ਼ੀ 'ਚ ਬੋਲਿਆ। ਉਹ ਦੋਵੇਂ ਵੇਖ ਕੇ ਉਹ ਹੈਰਾਨ ਹੋ ਗਈਆਂ। "ਕੁਦਰਤ ਦੀ ਦਾਤ ਨਿਆਰੀ", ਪ੍ਰੀਤਮ ਕੌਰ ਦੇ ਮੂੰਹੋਂ ਨਿਕਲਿਆ। "ਪਾਪਾ, ਪਾਪਾ, ਇਹ ਤਾਂ ਸਾਡੇ ਮਹਿਮਾਨ ਨੇ, ਸਾਨੂੰ ਜੀ ਆਇਆਂ ਕਹਿੰਦੇ ਨੇ, ਮੈਂ ਨੀ ਇਨ੍ਹਾਂ ਨੂੰ ਜਾਣ ਦੇਣਾ", ਨਿਸ਼ੀ ਤਾਂ ਵੇਖ-ਵੇਖ ਖੁਸ਼ ਹੋ ਰਹੀ ਸੀ। ਬੋਟਾਂ ਦੀ ਮੰਮੀ (ਚਿੜੀ) ਚੋਗਾ ਲੈਣ ਗਈ ਹੋਈ ਸੀ। ਬੋਟਾਂ ਦੀ ਚੀਂ-ਚੀਂ ਨਾਲ ਆਥਣ ਸੰਗੀਤਮਈ ਹੋ ਗਈ। "ਅਸੀਂ ਸੀ ਮਹਿਮਾਨ ਧਨਮੀਤ ਦੇ ਇੰਗਲੈਂਡ ਤੇ ਇਹ ਮਹਿਮਾਨ ਨੇ ਸਾਡੇ ਘਰ, ਕੁਲਜੀਤ ਸਿੰਘ ਨੇ ਕਿਹਾ। ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਗੇਟ ਦੇ ਦੂਜੇ ਪਾਸੇ ਨਵਾਂ ਲੈਟਰ ਬਾਕਸ ਟੰਗਿਆ ਜਾਵੇਗਾ ਤੇ ਪੁਰਾਣੇ ਨੂੰ ਚਿੜੀ ਦਾ ਆਲ੍ਹਣਾ ਹੀ ਰਹਿਣ ਦਿੱਤਾ ਜਾਵੇਗਾ।

# ਸ਼ਹੀਦ ਕੁੜੀ ਦਾ ਸਿਰੜ

ਗੱਲ ਜੂਨ, 1941 ਦੀ ਹੈ। ਸੋਵੀਅਤ ਦੇਸ ਜਿਸ ਨੂੰ ਆਮ ਬੋਲੀ ਵਿੱਚ ਰੂਸ ਕਿਹਾ ਜਾਂਦਾ ਹੈ, ਉਸ ਦੀ ਅਜ਼ਾਦੀ ਦਾ ਸੰਘਰਸ਼ ਬੜਾ ਲੰਮਾ ਚੱਲਿਆ। ਨਾਜ਼ੀ ਜਰਮਨੀ ਵਿਰੁੱਧ ਇਹ ਜੰਗ ਮਨੁੱਖਤਾ ਦੇ ਇਤਿਹਾਸ ਵਿਚ ਸਭ ਤੋਂ ਭਿਆਨਕ, ਸਭ ਤੋਂ ਵੱਧ ਮਾਰੂ ਜੰਗ ਸੀ। ਜ਼ਾਰਸ਼ਾਹੀ ਨੂੰ ਖਤਮ ਕਰਨ ਲਈ ਸੋਵੀਅਤ ਦੇਸ ਦੇ ਇਸ ਸੰਘਰਸ਼ ਵਿੱਚ ਫੌਜ ਦੇ ਨਾਲ-ਨਾਲ ਹਰ ਦੇਸ ਵਾਸੀ ਨੇ ਕੁਰਬਾਨੀ ਦਿੱਤੀ। ਆਦਮੀ, ਕੀ ਬੁੱਢੇ ਤੇ ਕੀ ਜੁਆਨ, ਔਰਤਾਂ, ਗੱਭਰੂ, ਮੁਟਿਆਰਾਂ, ਵਿਦਿਆਰਥੀਆਂ ਤੇ ਬੱਚਿਆਂ ਨੇ ਜੰਗੀ-ਮੋਰਚਿਆਂ 'ਤੇ ਬਹੁਤ ਵਫ਼ਾਦਾਰੀ ਨਾਲ ਆਪਣੇ ਦੇਸ਼ ਦੇ ਫੌਜੀਆਂ ਦਾ ਸਾਥ ਦਿੱਤਾ।

ਭਾਰਤ ਦੀ ਆਜ਼ਾਦੀ ਦੇ ਲੰਮੇ ਸੰਘਰਸ਼ ਵਿੱਚ ਵੀ ਸਾਰੇ ਦੇਸ ਵਾਸੀਆਂ ਕੀ ਹਿੰਦੂ, ਕੀ ਸਿੱਖ ਤੇ ਕੀ ਮੁਸਲਮਾਨ ਭਾਵ ਸਾਰੇ ਧਰਮਾਂ ਦੇ ਲੋਕਾਂ ਨੇ ਹਿੱਸਾ ਪਾਇਆ। ਇਝ ਹੀ ਸੋਵੀਅਤ ਦੇਸ ਨੇ ਆਪਣੇ ਦੇਸ਼ ਲਈ ਬਹੁਤ ਦੁੱਖ ਤੇ ਤਸੀਹੇ ਝੱਲੇ।

ਸੋਵੀਅਤ ਦੇਸ ਵਿੱਚ ਇਸ ਜੰਗ ਨੂੰ ਜਿੱਤਣ ਲਈ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਜੰਗ ਦੇ ਵਿਰੁੱਧ ਸਿੱਖਿਆ ਦਿੱਤੀ ਜਾਂਦੀ ਸੀ। ਇਸ ਜੰਗ ਵਿੱਚ ਬਹੁਤ ਸਾਰੇ ਬੱਚਿਆਂ ਨੇ ਹੈਰਾਨ ਕਰ ਦੇਣ ਵਾਲੀਆਂ ਘਟਨਾਵਾਂ ਕੀਤੀਆਂ। ਅਜਿਹੇ ਸੂਰਬੀਰ ਬੱਚਿਆਂ 'ਚੋਂ ਇੱਕ 'ਇਵਾਨ' ਬੱਚਾ ਅਜਿਹਾ ਵੀ ਹੋਇਆ, ਜਿਸ ਦੇ ਨਾਮ ਤੇ ਇੱਕ ਰੂਸੀ ਲੇਖਕ ਨੇ ਪੂਰਾ ਨਾਵਲ ਲਿਖਿਆ।

ਅਜਿਹੀ ਸੂਰਬੀਰ ਇੱਕ ਲੜਕੀ ਦੀ ਕੁਰਬਾਨੀ ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਉਸ ਨੇ ਪਹਿਲ ਕਰ ਕੇ ਦੇਸ ਵਾਸੀਆਂ ਦਾ ਦਿਲ ਜਿੱਤਿਆ ਤੇ ਦੁਸ਼ਮਣ ਨਾਜ਼ੀਆਂ ਨੂੰ ਮੁਸ਼ਕਲਾਂ ਵਿੱਚ ਪਾ ਦਿੱਤਾ। ਦੁਸ਼ਮਣ ਵੱਲੋਂ ਗੋਲੇ ਦਾਗੇ ਜਾ ਰਹੇ ਸਨ। ਮੋਰਚਿਆਂ ਤੇ ਫੌਜੀ ਜਾਨਾਂ ਵਾਰ ਰਹੇ ਸਨ। ਦੁਸ਼ਮਣ ਦੀਆਂ ਚਾਲਾਂ ਨੂੰ ਕਿਵੇਂ ਭਾਂਜ ਦਿੱਤੀ ਜਾਵੇ, ਹਰ ਦੇਸ ਵਾਸੀ ਦਾ ਇਹੋ ਉਦੇਸ਼ ਸੀ। ਦੇਸ ਅਜ਼ਾਦ ਹੋਵੇ ਤੇ ਨਾਜ਼ੀ ਜਰਮਨੀ ਦਾ ਅੰਤ ਹੋਵੇ। ਦੇਸ ਅੱਗੇ ਬਹੁਤ ਚਣੌਤੀਆਂ

ਸਨ। ਦੁਸ਼ਮਣ ਬੰਬਬਾਰੀ ਨਾਲ ਸਭ ਕੁੱਝ ਨਸ਼ਟ ਕਰਨਾ ਚਾਹੁੰਦਾ ਸੀ। ਸਾਮਰਾਜੀ ਆਧੁਨਿਕ ਢੰਗਾਂ ਨਾਲ, ਬੇਫਿਕਰ ਹੋ, ਸਭ ਨੂੰ ਮੌਤ ਦੇ ਘਾਟ ਉਤਾਰ ਰਿਹਾ ਸੀ।

ਅਠਾਰਾਂ ਸਾਲਾਂ ਦੀ ਇਕ ਲੜਕੀ ਨੇ ਦੇਸ ਪਿਆਰ ਲਈ ਦੁਸ਼ਮਣ ਦੇ ਟਿਕਾਣਿਆਂ ਦਾ ਪਤਾ ਕਰਨ ਲਈ ਆਪਣੇ-ਆਪ ਨੂੰ ਵੈਰੀ ਦੀ ਜਾਸੂਸੀ ਕਰਨ ਲਈ ਬੀੜਾ ਚੁੱਕ ਲਿਆ। ਦੁਸ਼ਮਣ ਦੇ ਮੋਰਚਿਆਂ ਦੀ ਜਾਸੂਸੀ ਕਰਨ ਲੱਗੀ। ਆਪਣੇ ਆਪ ਨੂੰ ਕਸ਼ਟ 'ਚ ਪਾ ਕੇ ਉਸ ਨੇ ਆਪਣੀਆਂ ਫੌਜਾਂ ਦੇ ਸਿਪਾਹੀਆਂ ਨੂੰ ਜਾਣਕਾਰੀ ਦੇਣੀ ਆਪਣਾ ਧਰਮ ਬਣਾ ਲਿਆ। ਉਸ ਦਾ ਜੋਸ਼ ਠਾਠਾਂ ਮਾਰਨ ਲੱਗਿਆ। ਉਹ ਹਰ ਹਾਲਤ ਵਿੱਚ ਖਤਰੇ 'ਚ ਪੈ ਕੇ ਵੈਰੀ ਦੀਆਂ ਚਾਲਾਂ ਬਾਰੇ ਜਾਣਕਾਰੀ ਪ੍ਰਾਪਤ ਕਰਦੀ ਰਹੀ।

ਆਖ਼ਰ ਇੱਕ ਦਿਨ ਉਹ ਲੜਕੀ ਨਾਜ਼ੀਆਂ ਦੇ ਕਾਬੂ ਆ ਗਈ। ਉਸ ਨੇ ਪੂਰੇ ਜਤਨ ਕੀਤੇ, ਪਰ ਬੇਬਸ। ਮੁਟਿਆਰ ਕੁੜੀ ਦੀ ਦ੍ਰਿੜਤਾ ਤੇ ਬਹਾਦਰੀ 'ਤੇ ਉਹ ਹੈਰਾਨ ਹੋ ਰਹੇ ਸਨ। ਉਨ੍ਹਾਂ ਨੂੰ ਇਹ ਆਸ ਸੀ ਕਿ ਹੁਣ ਅਸੀਂ ਇਸ ਕਾਬੂ ਕੀਤੀ ਕੁੜੀ ਰਾਹੀਂ ਭੇਤ ਪਾ ਲਵਾਂਗੇ ਤੇ ਦੁਸ਼ਮਣ ਨੂੰ ਹਰਾਉਣ ਵਿੱਚ ਨਵੀਆਂ ਵਿਉਤਾਂ ਘੜਾਂਗੇ। ਆਖਰ ਲੜਕੀ ਹੈ, ਇਸ ਤੋਂ ਭੇਤ ਲੈਣਾ ਕੀ ਔਖਾ ਹੈ।

ਲੜਕੀ ਤੋਂ ਪੁੱਛ ਪੜਤਾਲ ਸ਼ੁਰੂ ਕੀਤੀ ਗਈ। ਨਾਜ਼ੀ ਉਸ ਤੋਂ ਹੋਰ ਸਾਥੀਆਂ ਦੇ ਨਾਮ ਪਤਾ ਕਰਨਾ ਚਾਹੁੰਦੇ ਸਨ। ਲੜਕੀ ਨੇ ਕਿਸੇ ਦਾ ਵੀ ਨਾਮ ਲੈਣ ਲਈ ਮੂੰਹ ਨਾ ਖੋਲ੍ਹਿਆ। ਨਾਜ਼ੀਆਂ ਨੇ ਉਸ ਨੂੰ ਤਸੀਹੇ ਦੇਣੇ ਸ਼ੁਰੂ ਕਰ ਦਿੱਤੇ। ਉਹ ਤਸੀਹੇ ਦੇਂਦੇ ਰਹੇ, ਮੌਤ ਦਾ ਡਰ ਦੇਂਦੇ ਰਹੇ ਪਰੰਤੂ ਉਸ ਨੇ ਇਕ ਵੀ ਗੱਲ ਨਾ ਦੱਸੀ। ਏਨੀ ਚੁੱਪ ਰਹੀ, ਜਿਵੇਂ ਪੱਥਰ ਹੀ ਹੋ ਗਈ ਹੋਵੇ। ਨਾਜ਼ੀ ਫੌਜ਼ ਦਾ ਕਮਾਂਡਰ ਤੇ ਕਪਤਾਨ ਵੀ ਉਸ ਨੂੰ ਧਮਕੀਆਂ ਦੇ-ਦੇ ਕੇ ਥੱਕ ਗਏ। ਆਖ਼ਰ ਉਸ ਨੂੰ ਮਾਰਨ ਦਾ ਹੁਕਮ ਦੇ ਦਿੱਤਾ। ਫੇਰ ਜਦੋਂ ਉਸ ਨੂੰ ਕਪੜੇ ਲੁਹਾ ਕੇ ਜ਼ਲੀਲ ਕੀਤਾ ਤੇ ਨੰਗੇ ਪੈਰੀਂ ਬਰਫ਼ ਉੱਤੇ ਤੁਰਨ ਲਈ ਕਿਹਾ ਤਾਂ ਉਹ ਬਿਲਕੁਲ ਅਡੋਲ ਰਹੀ। ਉਸ ਨੂੰ ਫਾਂਸੀ ਦੇਣ ਲਈ ਲਿਜਾਇਆ ਜਾ ਰਿਹਾ ਸੀ। ਨਾਜ਼ੀਆਂ ਨੂੰ ਉਮੀਦ ਸੀ ਕਿ ਫਾਂਸੀ ਤੋਂ ਡਰਦੀ ਮਾਰੀ, ਉਹ ਆਪਣੇ ਸਾਥੀਆਂ ਦੇ ਨਾਮ ਲੈ ਦਵੇਗੀ ਤੇ ਹੋਰ ਜਾਣਕਾਰੀ ਵੀ ਦੇ ਦੇਵੇਗੀ। ਪਰੰਤੂ ਉਸ ਦੀ ਚੁੱਪ ਨੂੰ ਕੋਈ ਤੋੜ ਨਾ ਸਕਿਆ। ਉਸ ਦੇ ਚਿਹਰੇ ਦੀ ਗੰਭੀਰਤਾ ਹੈਰਾਨ ਕਰ ਦੇਣ ਵਾਲੀ ਸੀ।

ਕੁਰਬਾਨੀ ਦੇ ਜਲੌਅ ਨੂੰ ਦੁਸ਼ਮਣ ਦਾ ਕੋਈ ਵੀ ਦਾਅ-ਪੇਚ ਘਟਾ ਨਾ ਸਕਿਆ। ਖ਼ਾਮੋਸ਼ੀ ਦੀ ਇੰਤਹਾ ਨਾਲ, ਉਹ ਫਾਂਸੀ ਚੜ੍ਹ ਗਈ। ਉਸ ਦੇ ਸਿਦਕ ਤੇ ਦ੍ਰਿੜਤਾ ਦੀਆਂ ਦੰਦ-ਕਥਾਵਾਂ ਬਣ ਗਈਆਂ। ਉਸ ਮਰਜੀਵੜੀ ਦਾ ਪੂਰਾ ਨਾਂ ਸੀ, ਜ਼ੋਇਆ ਕੋਸਮਦੇ ਮਿਯਾਨ ਸਕਾਯਾ। ਉਸ ਦੀ ਸ਼ਹੀਦੀ ਦੇਸ ਦੇ ਬੱਚਿਆਂ ਲਈ ਪ੍ਰੇਰਨਾ ਬਣੀ। ਉਸ ਦੀ ਅਮਰ ਗਾਥਾ ਨੂੰ ਲੋਕੀਂ ਯਾਦ ਕਰਦੇ ਨੇ।

# ਆਲ੍ਹਣੇ ਵਾਲੀ ਚਿੜੀ

ਦਸੰਬਰ ਦਾ ਮਹੀਨਾ ਸੀ। ਸਰਦੀ ਦੀ ਰੁੱਤ ਸੀ। ਅਚਾਨਕ ਮੌਸਮ ਵਰਖਾ ਵਾਲਾ ਹੋ ਗਿਆ। ਖ਼ੁਸ਼ਪ੍ਰੀਤ ਤੇ ਉਸ ਦੇ ਮਾਪੇ ਰਾਤ ਦਾ ਖਾਣਾ ਖਾਣ ਤੋਂ ਬਾਅਦ, ਸੌਣ ਦੀ ਤਿਆਰੀ ਕਰ ਰਹੇ ਸਨ। ਖ਼ੁਸ਼ਪ੍ਰੀਤ ਨੇ ਆਪਣੀ ਛੇਵੀਂ ਸ਼੍ਰੇਣੀ ਦਾ ਲਿਖਤੀ ਕੰਮ ਵੀ ਕਰ ਲਿਆ ਸੀ। ਇੱਕ ਦਮ ਮੌਸਮ ਵਿਗੜ ਗਿਆ। ਵਰਖਾ ਪੈਣ ਲੱਗ ਪਈ ਤੇ ਤੂਫ਼ਾਨ ਨੇ ਹਾ-ਹਾ ਕਾਰ ਕਰਾ ਦਿੱਤੀ। ਬਾਹਰ ਚੀਜ਼ਾਂ ਦੀ ਖੜ-ਖੜ ਹੋਣ ਲੱਗੀ। ਤੂਫ਼ਾਨ ਨਾਲ ਚੀਜ਼ਾਂ ਟੁੱਟਣ ਦੀ ਆਵਾਜ਼ ਬੜੀ ਡਰਾਉਣੀ ਸੀ। ਇੰਝ ਲੱਗ ਰਿਹਾ ਸੀ ਜਿਵੇਂ ਰੁੱਖਾਂ ਦੇ ਟਾਹਣ ਟੁੱਟ ਰਹੇ ਹੋਣ। ਛੱਤਾਂ ਤੋਂ ਚੀਜ਼ਾਂ ਉੱਡ ਰਹੀਆਂ ਹੋਣ। ਖਿੜਕੀਆਂ ਦੇ ਦਰਵਾਜ਼ੇ ਬੰਦ ਕਰਕੇ ਸਾਰਾ ਪਰਿਵਾਰ ਸੌਣ ਦੀ ਕੋਸ਼ਿਸ ਕਰਨ ਲੱਗਾ। "ਵਿਹੜੇ 'ਚ ਕੁਝ ਡਿੱਗਿਆ ਤੇ ਟੁੱਟਿਆ", ਖ਼ੁਸ਼ਪ੍ਰੀਤ ਨੇ ਡਰਦੇ ਹੋਏ ਆਪਣੀ ਮੰਮੀ ਨੂੰ ਕਿਹਾ।

"ਚੁੱਪ ਕਰ ਕੇ ਸੌਣਾ ਹੀ ਠੀਕ ਹੈ। ਇਸ ਵੇਲੇ ਬਾਹਰ ਨਿਕਲਣਾ ਠੀਕ ਨਹੀਂ। ਤੂਫ਼ਾਨ ਬਹੁਤ ਜ਼ੋਰ ਦਾ ਹੈ। ਸਵੇਰੇ ਹੀ ਵੇਖਾਂਗੇ, ਕਿ ਕਿ ਕੁਝ ਹੋਇਆ", ਖ਼ੁਸ਼ਪ੍ਰੀਤ ਦੀ ਮੰਮੀ ਨੇ ਧੀਰਜ ਨਾਲ ਆਖਿਆ। ਖ਼ੁਸ਼ਪ੍ਰੀਤ ਨੂੰ ਨੀਂਦ ਤਾਂ ਆ ਗਈ ਪਰੰਤੂ ਬੇਚੈਨ ਤੇ ਡਰਦਾ ਰਿਹਾ।

ਸਵੇਰ ਹੋਈ। ਵਿਹੜੇ 'ਚ ਕਈ ਗਮਲੇ ਤੇ ਹੋਰ ਸਾਮਾਨ ਖਿਲਰਿਆ ਪਿਆ ਸੀ। ਖ਼ੁਸ਼ਪ੍ਰੀਤ ਨੇ ਵੇਖਿਆ ਕਿ ਚਿੜੀ ਦਾ ਆਲ੍ਹਣਾ ਤਾਂ ਪੜਛੱਤੀ ਥੱਲੇ ਹੈ ਨਹੀਂ ਸੀ। ਤੂਫ਼ਾਨ ਉਸ ਨੂੰ ਉਡਾ ਲੈ ਗਿਆ, ਪਤਾ ਨਹੀਂ ਕਿੱਧਰ। ਖ਼ੁਸ਼ਪ੍ਰੀਤ ਉਦਾਸ ਹੋ ਗਿਆ। "ਮੰਮੀ, ਮੰਮੀ, ਸਾਡੀ ਚਿੜੀ ਦਾ ਆਲ੍ਹਣਾ ਤਾਂ ਤੂਫ਼ਾਨ ਨੇ ਤੋੜ ਕੇ, ਉਡਾ ਦਿੱਤਾ", ਖ਼ੁਸ਼ਪ੍ਰੀਤ ਰੋਣਹਾਕਾ ਹੋ ਗਿਆ। ਮੰਮੀ ਵੀ ਕੁਝ ਸੋਚਣ ਲੱਗ ਪਈ।

ਅਸਲ ਵਿੱਚ ਇੱਕ ਛੋਟੀ ਕਾਲੀ ਚਿੜੀ ਨੇ ਬੜੀ ਮਿਹਨਤ ਕਰਕੇ ਪੜਛੱਤੀ ਨਾਲ ਲਟਕਦੀ ਇੱਕ ਰੱਸੀ ਨਾਲ ਆਪਣਾ ਆਲ੍ਹਣਾ ਬਣਾ ਲਿਆ ਸੀ। ਖ਼ੁਸ਼ਪ੍ਰੀਤ ਉਸ ਚਿੜੀ ਨੂੰ ਵੇਖਦਾ ਰਹਿੰਦਾ। ਚਿੜੀ ਉੱਡਦੀ-ਉੱਡਦੀ ਆਉਂਦੀ

ਤੇ ਚੁੰਝ 'ਚ ਟੁੰਗੇ ਤੀਲਿਆਂ, ਘਾਹ ਤੇ ਨਿੱਕ-ਸੁੱਕ ਨਾਲ ਆਲ੍ਹਣਾ ਬਣਾਉਂਦੀ ਰਹਿੰਦੀ। ਖੁਸ਼ਪ੍ਰੀਤ ਦੀ ਮੰਮੀ ਨੂੰ ਵੀ ਆਲ੍ਹਣਾ ਬਣਾਉਂਦੀ ਚਿੜੀ ਬਹੁਤ ਪਿਆਰੀ ਲਗਦੀ। ਕੁਝ ਦਿਨਾਂ ਬਾਅਦ ਚਿੜੀ ਨੇ ਦੋ ਆਂਡੇ ਦੇ ਦਿੱਤੇ। ਆਂਡਿਆਂ 'ਚੋਂ ਬੋਟ ਨਿਕਲ ਆਏ। ਸਾਰਿਆਂ ਨੂੰ ਬਹੁਤ ਖੁਸ਼ੀ ਹੋਈ। ਆਲ੍ਹਣੇ 'ਚੋਂ ਚੀਂ-ਚੀਂ ਦੀ ਅਵਾਜ਼ ਆਉਂਦੀ। ਕਾਲੀ ਚਿੜੀ ਆਪਣੇ ਬੋਟਾਂ ਦਾ ਬਹੁਤ ਖਿਆਲ ਰੱਖਦੀ ਤੇ ਚੋਗਾ ਦੇਣ ਦਾ ਕੰਮ ਕਰਦੀ ਰਹਿੰਦੀ। ਦਿਨਾਂ ਵਿੱਚ ਹੀ ਬੋਟ ਉਡਣਾ ਸਿੱਖ ਗਏ। ਵਿਹੜੇ 'ਚ ਰੌਣਕ ਲਾ ਦਿੰਦੇ। ਖੁਸ਼ਪ੍ਰੀਤ ਉਨ੍ਹਾਂ ਨੂੰ ਵੇਖ-ਵੇਖ ਖੁਸ਼ ਹੁੰਦਾ। ਉਹ ਕਹਿੰਦਾ, ਸਾਡਾ ਘਰ, ਚਿੜੀ ਦਾ ਘਰ। ਬੋਟ ਵੱਡੇ ਹੋ ਗਏ। ਚਿੜੀ ਤੇ ਬੋਟ ਆਲ੍ਹਣੇ ਨੂੰ ਛੱਡ ਉਡ ਗਏ। ਅਲਵਿਦਾ ਕਹਿ ਗਏ। ਪਰੰਤੂ ਆਲ੍ਹਣਾ ਉਵੇਂ ਹੀ ਲਟਕਦਾ ਰਿਹਾ। ਖੁਸ਼ਪ੍ਰੀਤ ਪੁੱਛਦਾ ਕਿ ਹੁਣ ਆਲ੍ਹਣੇ 'ਚ ਚਿੜੀ ਕਦੋਂ ਆਵੇਗੀ। ਮੰਮੀ ਕਹਿ ਦਿੰਦੀ ਕਿ ਅਗਲੇ ਸਾਲ।

ਪਰ ਤੂਫ਼ਾਨ ਨੇ ਤਾਂ ਉਹ ਆਲ੍ਹਣਾ ਛੱਡਿਆ ਹੀ ਨਹੀਂ, ਉਡਾ ਦਿੱਤਾ ਸੀ। ਹੁਣ ਚਿੜੀ ਨੇ ਕਿੱਥੇ ਆਉਣਾ ਸੀ। ਉਸ ਦਾ ਤਾਂ ਘਰ ਹੀ ਨਹੀਂ ਸੀ ਰਿਹਾ। ਵਿਹੜੇ 'ਚ ਖੜ੍ਹਿਆ ਉਦਾਸ ਹੋਇਆ ਖੁਸ਼ਪ੍ਰੀਤ ਚਿੜੀ ਤੇ ਬੋਟਾਂ ਨੂੰ ਯਾਦ ਕਰਨ ਲੱਗਿਆ। ਉਸ ਦੀ ਮੰਮੀ ਨੇ ਖੁਸ਼ਪ੍ਰੀਤ ਨੂੰ ਦਲਾਸਾ ਦਿੱਤਾ। ਕੋਈ ਹੋਰ ਚਿੜੀ ਆ ਜਾਊਗੀ। ਏਨਾ ਸ਼ੁਕਰ ਕਿ ਤੂਫ਼ਾਨ ਤੋਂ ਪਹਿਲਾਂ ਹੀ ਬੋਟ ਤੇ ਚਿੜੀ ਉਡ ਗਏ, ਨਹੀਂ ਤਾਂ ਆਲ੍ਹਣਾ ਕੀ, ਉਹ ਵੀ ਮਾਰੇ ਜਾਣੇ ਸਨ। ਕੁਦਰਤ ਅੱਗੇ ਕਿਸੀ ਦਾ ਕੀ ਜ਼ੋਰ। ਸਾਲ ਲੰਘ ਗਿਆ। ਖੁਸ਼ਪ੍ਰੀਤ ਸਤਵੀਂ ਸ਼੍ਰੇਣੀ 'ਚ ਚੰਗੇ ਨੰਬਰ ਲੈ ਕੇ ਪਾਸ ਹੋ ਗਿਆ।

'ਪੰਛੀਆਂ ਨਾਲ ਸੋਹੰਦੀ ਧਰਤੀ' ਨਾਂ ਦੀ ਕਵਿਤਾ ਖੁਸ਼ਪ੍ਰੀਤ ਨੇ ਆਪਣੀ ਮੰਮੀ ਨੂੰ ਸੁਣਾਈ। ਇਹ ਕਵਿਤਾ ਉਸ ਦੀ ਪੰਜਾਬੀ ਦੀ ਪਾਠ ਪੁਸਤਕ ਵਿਚ ਸ਼ਾਮਲ ਸੀ। ਉਸ ਨੂੰ ਚੰਗੀ ਲੱਗੀ। ਆਪਣੀ ਕਾਪੀ 'ਤੇ ਚਿੜੀ ਦਾ ਚਿੱਤਰ ਬਣਾ ਕੇ ਆਪਣੀ ਮੰਮੀ ਨੂੰ ਕਹਿਣ ਲੱਗਾ ਕਿ ਵੇਖੋ ਮੇਰੀ ਕਾਲੀ ਚਿੜੀ ਆਲ੍ਹਣੇ ਵਾਲੀ। ਮੰਮੀ ਹੱਸ ਪਈ। ਕੁੜੀਆਂ ਚਿੜੀਆਂ ਘਰ ਦੀ ਰੌਣਕ ਹੁੰਦੀਆਂ, ਖੁਸ਼ਪ੍ਰੀਤ ਦੇ ਪਾਪਾ ਨੇ ਗੀਤ ਦੀ ਲੈਅ ਗਾਉਂਦਿਆਂ ਕਿਹਾ, "ਸਾਡਾ ਚਿੜੀਆਂ ਦਾ ਚੰਬਾ ਵੇ, ਅਸਾਂ ਉੱਡ ਜਾਣਾ।"

ਇੱਕ ਦਿਨ ਸਵੇਰੇ ਜਦੋਂ ਖੁਸ਼ਪ੍ਰੀਤ ਦਾ ਪਾਪਾ ਬਾਹਰਲੇ ਲਾਅਨ 'ਚ ਰੱਖੇ ਗਮਲਿਆਂ 'ਚ ਲਾਏ ਪੌਦਿਆਂ ਤੇ ਫੁੱਲਾਂ ਨੂੰ ਪਾਣੀ ਦੇ ਰਿਹਾ ਸੀ ਤਾਂ ਇੱਕ ਖਾਕੀ

ਰੰਗ ਦੀ ਚਿੜੀ ਕੰਧ 'ਤੇ ਬੈਠੀ ਵੇਖੀ। ਉਸ ਨੂੰ ਫੁੱਲਾਂ ਦਾ ਬਹੁਤ ਸ਼ੌਕ ਸੀ। ਖੁਸ਼ਪ੍ਰੀਤ ਵੀ ਗਮਲਿਆਂ 'ਚ ਪਾਣੀ ਪਾਉਣ ਲਈ ਮਦਦ ਕਰਦਾ। ਰੰਗ-ਬਰੰਗੇ ਖਿੜੇ ਹੋਏ ਫੁੱਲ ਉਸ ਨੂੰ ਚੰਗੇ ਲਗਦੇ। ਬਹੁਤ ਸਾਰੇ ਫੁੱਲਾਂ ਦੇ ਨਾਂ ਵੀ ਉਸ ਨੂੰ ਯਾਦ ਸਨ। ਕਈ ਫੁੱਲਾਂ ਦੇ ਚਿੱਤਰ ਬਣਾਉਂਦਾ। ਉਨ੍ਹਾਂ ਦੀ ਕੋਠੀ ਦੀ ਇੱਕ ਨੁੱਕਰੇ ਇੱਕ ਵੱਡੇ ਗਮਲੇ ਵਿੱਚ ਇੱਕ ਉੱਚਾ ਤੇ ਵੱਡਾ ਪੌਦਾ ਸੀ, ਜਿਸ ਨੂੰ ਲੱਗੇ ਨੂੰ ਕਈ ਸਾਲ ਹੋ ਗਏ ਸਨ। ਇਸਦਾ ਫੈਲਾਅ ਵੀ ਕਾਫ਼ੀ ਸੀ। ਖੁਸ਼ਪ੍ਰੀਤ ਦੇ ਪਾਪੇ ਨੇ ਉਹ ਚਿੜੀ ਕਈ ਵੇਰ ਉਸ ਪੌਦੇ ਤੇ ਬੈਠਦੀ ਉੱਠਦੀ ਤੱਕੀ। ਉਹ ਏਨੀ ਤੇਜ਼ ਆਉਂਦੀ ਤੇ ਤੇਜ਼ੀ ਨਾਲ ਮੁੜ ਜਾਂਦੀ। ਉਹ ਚੁੰਝ ਵਿਚ ਘਾਹ-ਫੂਸ ਲਿਆਉਂਦੀ। ਆਲ੍ਹਣੇ 'ਚ ਟੁੰਗਦੀ ਤੇ ਉੱਡ ਜਾਂਦੀ।

ਖੁਸ਼ਪ੍ਰੀਤ ਦੇ ਪਾਪਾ ਨੇ ਵੇਖਿਆ ਕਿ ਪੌਦੇ ਦੇ ਕੰਧ ਵਾਲੇ ਪਾਸੇ ਚਿੜੀ ਦਾ ਬਣ ਰਿਹਾ ਆਲ੍ਹਣਾ ਲਟਕ ਰਿਹਾ ਸੀ। ਉਸ ਨੂੰ ਖੁਸ਼ੀ ਹੋਈ। ਅੰਦਰ ਜਾ ਕੇ ਉਸ ਨੇ ਖੁਸ਼ਪ੍ਰੀਤ ਨੂੰ ਦੱਸਿਆ ਕਿ ਆ ਵੇਖ ਤੇਰੀ ਚਿੜੀ ਆ ਗਈ ਹੈ। ਆਲ੍ਹਣਾ ਬਣਾ ਰਹੀ ਹੈ। ਕਈ ਦਿਨਾਂ ਤੋਂ ਚਿੜੀ ਆਲ੍ਹਣਾ ਬਣਾਉਣ ਵਿੱਚ ਲੱਗੀ ਹੋਈ ਸੀ। ਬਣ ਰਿਹਾ ਆਲ੍ਹਣਾ ਵੇਖ ਖੁਸ਼ਪ੍ਰੀਤ ਤਾਂ ਨੱਚ ਉੱਠਿਆ। "ਮੇਰੀ ਚਿੜੀ ਆ ਗਈ। ਮੇਰੀ ਚਿੜੀ ਆ ਗਈ।" ਉਸ ਦੀ ਮੰਮੀ ਵੀ ਚਿੜੀ ਦਾ ਬਣ ਰਿਹਾ ਆਲ੍ਹਣਾ ਵੇਖ ਬਹੁਤ ਹੈਰਾਨ ਤੇ ਖੁਸ਼ ਹੋਈ। ਤੂਫ਼ਾਨ ਦਾ ਉਡਾਇਆ ਆਲ੍ਹਣਾ ਆ ਗਿਆ। "ਅੱਛਾ, ਹੁਣ ਇਸ ਨੂੰ ਵਾਰ-ਵਾਰ ਨਹੀਂ ਵੇਖਣਾ, ਚਿੜੀ ਤੰਗ ਹੋ ਜਾਵੇਗੀ। ਇਸ ਨੂੰ ਆਲ੍ਹਣਾ ਬਣਾ ਲੈਣ ਦਿਓ", ਮੰਮੀ ਨੇ ਖੁਸ਼ਪ੍ਰੀਤ ਨੂੰ ਸਮਝਾਇਆ।

ਖੁਸ਼ਪ੍ਰੀਤ ਕਦੇ-ਕਦੇ ਮਲਕੜੇ ਜਿਹੇ ਖਿੜਕੀ ਖੋਲ੍ਹ ਚਿੜੀ ਨੂੰ ਵੇਖਣ ਲਗਦਾ। ਉਸ ਦੇ ਪਾਪਾ ਨੇ ਇੱਕ ਕਵਿਤਾ ਜੋੜ ਦਿੱਤੀ :

ਚਿੜੀ ਬਣਾਉਂਦੀ ਆਪਣਾ ਘਰ,
ਹੁਣ ਨਹੀਂ ਕੋਈ ਤੂਫ਼ਾਨ ਦਾ ਡਰ।
ਆ ਨੀਂ ਚਿੜੀਏ, ਆ ਨੀਂ ਚਿੜੀਏ,
ਫੁੱਲਾਂ ਵਾਂਗੂ ਸਾਰੇ ਖਿੜੀਏ।

ਖੁਸ਼ਪ੍ਰੀਤ ਨੂੰ ਉਡੀਕ ਸੀ ਕਿ ਚਿੜੀ ਆਂਡੇ ਦੇਵੇ, ਬੋਟ ਨਿਕਲਣ ਤੇ ਰੌਣਕ ਲਾਉਣ।

# ਦਲੇਰ ਤੇ ਨਿੱਡਰ 'ਇਵਾਨ'

ਦੋ ਮੁਲਕਾਂ ਦੀ ਜੰਗ ਪੂਰੇ ਜ਼ੋਰਾਂ 'ਤੇ ਸੀ। ਇਹ ਸਮਾਂ 1940-1943 ਦਾ ਹੈ। ਰੂਸ ਦੇਸ 'ਤੇ ਜਰਮਨ ਨਾਜ਼ੀਆਂ ਦੀ ਹਕੂਮਤ ਸੀ। ਇਸ ਨੂੰ ਜ਼ਾਰ ਸ਼ਾਹੀ ਦਾ ਰਾਜ ਕਿਹਾ ਜਾਂਦਾ ਸੀ। ਰੂਸੀ ਲੋਕਾਂ 'ਤੇ ਬਹੁਤ ਜ਼ੁਲਮ ਢਾਹੇ ਜਾ ਰਹੇ ਸਨ। ਰੂਸ ਦੇ ਲੋਕਾਂ ਨੇ ਆਪਣੇ ਦੇਸ ਨੂੰ ਅਜ਼ਾਦ ਕਰਾਉਣ ਲਈ ਠਾਣ ਲਈ। ਗੁਲਾਮੀ ਦਾ ਜੂਲਾ ਲਾਹੁਣ ਲਈ, ਰੂਸ ਨੇ ਬਗਾਵਤ ਕਰ ਦਿੱਤੀ। ਇਸ ਸੰਘਰਸ਼ ਵਿੱਚ ਰੂਸ ਦੀਆਂ ਫੌਜਾਂ ਦੀ ਮਦਦ ਲਈ ਲੋਕ ਉੱਠ ਖੜੇ ਹੋਏ। ਆਦਮੀ, ਔਰਤਾਂ, ਜੁਆਨ ਤੇ ਵਿਦਿਆਰਥੀ ਦੇਸ ਪਿਆਰ ਲਈ ਕੁੱਦ ਉੱਠੇ। ਇੱਕ ਵੱਡੀ ਕ੍ਰਾਂਤੀ ਲਿਆਉਣਾ ਸਭ ਨੇ ਮਿੱਥ ਲਿਆ। ਇਹ ਜੰਗ ਬਹੁਤ ਦੇਰ ਤੱਕ ਚੱਲਦੀ ਰਹੀ। ਲਾਸ਼ਾਂ ਦੇ ਢੇਰ ਲੱਗ ਗਏ।

ਇੱਕ ਬਾਰਾਂ ਸਾਲਾਂ ਦਾ ਵਿਦਿਆਰਥੀ ਜਿਹੜਾ ਛੇਵੀਂ ਸ੍ਰੇਣੀ 'ਚ ਪੜ੍ਹਦਾ ਸੀ, ਉਹ ਆਪਣੇ ਪਿਤਾ ਤੇ ਮਾਤਾ ਨਾਲ ਜੰਗ ਦੇ ਮੋਰਚੇ ਵਿੱਚ ਸ਼ਾਮਲ ਹੋ ਗਿਆ। ਨਾਜ਼ੀ-ਜਰਮਨ ਦੀਆਂ ਫੌਜਾਂ ਨੇ ਤਬਾਹੀ ਕਰਨੀ ਸ਼ੁਰੂ ਕਰ ਦਿੱਤੀ। ਗੋਲੇ ਦਾਗੇ ਜਾ ਰਹੇ ਸਨ। ਬੰਦੂਕਾਂ ਦੀਆਂ ਅੱਗ ਵਰ੍ਹਾਉਂਦੀਆਂ ਗੋਲੀਆਂ ਜਾਨਾਂ ਲੈ ਰਹੀਆਂ ਸਨ। ਦੋਵੇਂ ਪਾਸਿਓਂ ਗਹਿਗਚ ਜੰਗ ਲੜੀ ਜਾ ਰਹੀ ਸੀ। ਰੂਸੀਆਂ ਨੇ ਜ਼ਮੀਨ ਥੱਲੇ ਵੱਡੀਆਂ-ਵੱਡੀਆਂ ਸੁਰੰਗਾਂ ਬਣਾ ਕੇ ਮੋਰਚੇ ਬਣਾਏ ਹੋਏ ਸਨ। ਮੋਰਚਿਆਂ ਵਿੱਚ ਪੂਰਾ ਖਾਣ-ਪੀਣ, ਦਵਾਈਆਂ, ਵਰਦੀਆਂ ਤੇ ਹਥਿਆਰਾਂ ਦਾ ਪ੍ਰਬੰਧ ਕੀਤਾ ਹੋਇਆ ਸੀ।

ਉਸ ਬਾਰਾਂ ਸਾਲਾਂ ਦੇ ਵਿਦਿਆਰਥੀ ਨੇ ਜਾਸੂਸੀ ਕਰਨ ਲਈ ਆਪਣਾ ਨਾਂ ਬੋਨਦਾਰੇਵ ਰੱਖਿਆ ਹੋਇਆ ਸੀ ਤਾਂ ਜੋ ਦੁਸ਼ਮਣ ਨੂੰ ਧੋਖਾ ਦਿੱਤਾ ਜਾ ਸਕੇ। ਉਸ ਦਾ ਪਿਤਾ ਦੁਸ਼ਮਣ ਦਾ ਮੁਕਾਬਲਾ ਕਰਦਾ-ਕਰਦਾ, ਮੋਰਚੇ 'ਤੇ ਆਖਰ ਗੋਲੀ ਲੱਗਣ ਨਾਲ ਮਾਰਿਆ ਗਿਆ। ਮੁੰਡੇ ਨੇ ਇਹ ਸਭ ਕੁਝ ਅੱਖੀਂ ਵੇਖਿਆ। ਬਚਾਓ ਲਈ ਉਹ ਪਿੱਛੇ ਹਟਦਾ ਰਿਹਾ। ਉਸ ਨੇ ਅਠਾਰਾਂ ਮਹੀਨਿਆਂ ਦੀ ਆਪਣੀ ਭੈਣ ਆਪਣੀਆਂ ਬਾਹਾਂ ਵਿੱਚ ਸਾਂਭੀ ਹੋਈ ਸੀ, ਜਿਸ ਦੀ ਮੌਤ ਹੋ ਗਈ। ਉਸ

ਦੀ ਮਾਤਾ ਵੀ ਇਸ ਧੂੰਆਂ-ਧਾਰ ਹਮਲੇ ਵਿੱਚ ਉਨ੍ਹਾਂ ਤੋਂ ਵਿਛੜ ਗਈ। ਮੁੰਡਾ ਇਕੱਲਾ ਰਹਿ ਗਿਆ। ਅੱਗੇ ਵਧਣਾ ਉਸ ਲਈ ਖ਼ਤਰਾ ਸੀ। ਉਸ ਨੇ ਜਰਮਨ-ਫੌਜਾਂ ਤੋਂ ਬਦਲਾ ਲੈਣ ਲਈ ਮਨ ਪੱਕਾ ਕਰ ਲਿਆ। ਉਸ ਅੰਦਰ ਜੋਸ਼ ਠਾਠਾਂ ਮਾਰਨ ਲੱਗਾ। ਉਸ ਦੇ ਚਿਹਰੇ 'ਤੇ ਕ੍ਰੋਧ ਦੇ ਬੱਦਲ ਮੰਡ-ਲਾਉਣ ਲੱਗੇ। ਇਕ ਸਿਪਾਹੀ ਦੀ ਮਦਦ ਨਾਲ, ਉਸ ਨੇ ਆਪਣੀ ਭੈਣ ਨੂੰ ਰੋਹ ਭਰੇ ਅੱਥਰੂਆਂ ਨਾਲ ਨਦੀ ਦੇ ਕੰਢੇ ਦਫ਼ਨਾਇਆ। ਸਿਪਾਹੀ-ਫੌਜੀ ਨੇ ਉਸ ਨੂੰ ਨਦੀ ਪਾਰ ਕਰਾ ਕੇ, ਮਿੱਥੇ ਹੋਏ ਮੋਰਚੇ 'ਚ ਜਾਣ ਦੀ ਸਲਾਹ ਦਿੱਤੀ। ਰੂਸੀ ਕਪਤਾਨ ਨੇ ਵੀ ਉਸ ਦੀ ਸੁਰੱਖਿਆ ਲਈ ਮੋਰਚੇ 'ਚ ਡਿਊਟੀ ਦੇ ਰਹੇ, ਸਰਜੈਂਟ ਨੂੰ ਸੂਚਨਾ ਦਿੱਤੀ।

ਬੋਨਦਾਰੇਵ (ਉਸ ਮੁੰਡੇ) ਨੂੰ ਨਦੀ ਪਾਰ ਕਰਨ ਲਈ ਬਹੁਤ ਕਠਨਾਈ ਆਈ ਕਿਉਂਕਿ ਕਹਿਰਾਂ ਦੀ ਸਰਦੀ ਸੀ ਤੇ ਕਿਣ-ਮਿਣ ਹੋ ਰਹੀ ਸੀ। ਉਸ ਦੇ ਹੱਥ ਪੈਰ ਸੁੰਨ ਹੋ ਗਏ। ਕੱਪੜੇ ਗੜੁੱਚ ਹੋ ਗਏ। ਇੱਕ ਦੋ ਵੇਰ ਤਿਲਕਣ ਕਾਰਨ, ਉਸ ਦੇ ਕੱਪੜੇ ਵੀ ਗਾਰੇ ਨਾਲ ਲਿੱਬੜ ਗਏ। ਉਸ ਨੇ ਹੌਸਲਾ ਨਾ ਹਾਰਿਆ। ਸ਼ਾਮ ਦਾ ਹਨੇਰਾ ਹੋ ਗਿਆ ਤੇ ਆਖ਼ਰ ਉਹ ਮਿੱਥੇ ਮੋਰਚੇ 'ਚ ਜਾ ਪਹੁੰਚਿਆ। ਮੋਰਚੇ ਦਾ ਸਰਜੈਂਟ ਉਸ ਨੂੰ ਵੇਖ ਕੇ ਡਰ ਗਿਆ ਕਿਉਂਕਿ ਮੁੰਡੇ ਦਾ ਚਿਹਰਾ ਵੈਰੀ ਤੋਂ ਬਦਲਾ ਲੈਣ ਲਈ ਮਘ ਰਿਹਾ ਸੀ। ਮੁੰਡੇ ਨੇ ਪੁੱਛਣ 'ਤੇ ਆਪਣਾ ਨਾਂ ਹੀ ਦੱਸਿਆ ਤੇ ਸਰਜੈਂਟ ਨੂੰ ਬਟਾਲੀਅਨ ਕਮਾਂਡਰ ਨੂੰ 5 ਨੰਬਰ 'ਤੇ ਸੂਚਨਾ ਦੇਣ ਨੂੰ ਕਿਹਾ। ਸਰਜੈਂਟ ਮੁੰਡੇ ਦੀ ਬਹਾਦਰੀ ਤੇ ਦ੍ਰਿੜਤਾ 'ਤੇ ਹੈਰਾਨ ਹੋ ਰਿਹਾ ਸੀ। ਸੂਚਨਾ ਦਿੱਤੀ ਗਈ ਤੇ ਮੁੰਡੇ ਦੀ ਸੁਰੱਖਿਅਤਾ ਲਈ ਹਦਾਇਤਾਂ ਵੀ ਮਿਲ ਗਈਆਂ। ਇੰਜ ਮੋਰਚੇ 'ਚ ਰਹਿੰਦਿਆਂ ਕਈ ਦਿਨ ਲੰਘ ਗਏ। ਉਮਰ ਛੋਟੀ ਹੋਣ ਕਾਰਨ, ਕਮਾਂਡਰ ਤੇ ਹੋਰ ਅਧਿਕਾਰੀਆਂ ਨੇ ਉਸ ਨੂੰ ਸਕੂਲ ਵਿੱਚ ਪੜ੍ਹਨ ਲਈ ਦਾਖਲ ਕਰਾਉਣਾ ਚਾਹਿਆ ਪਰੰਤੂ ਉਹ ਬਹੁਤ ਬਜ਼ਿੱਦ ਰਿਹਾ ਕਿ ਮੈਂ ਤਾਂ ਦੁਸ਼ਮਣ ਤੋਂ ਬਦਲਾ ਲੈਣਾ। ਉਸ ਨੂੰ ਆਪਣੇ ਪਿਤਾ ਦੀ ਕੁਰਬਾਨੀ ਯਾਦ ਆ ਰਹੀ ਸੀ। ਮਾਤਾ ਨੂੰ ਮਿਲਣਾ ਵੀ ਉਸ ਦੀ ਬੇਬਸੀ ਹੋ ਗਈ ਸੀ। ਸਟੇਨਗੰਨ ਜਾਂ ਬੰਦੂਕ ਉਸ ਨੂੰ ਦੇਣੀ ਠੀਕ ਨਹੀਂ ਸੀ। ਜਾਸੂਸੀ ਕਰਨ ਲਈ ਉਹ ਦ੍ਰਿੜ ਸੀ। ਉਹ ਬਹੁਤ ਘੱਟ ਬੋਲਦਾ ਸ਼ੀ। ਸੋਚਦਾ ਰਹਿੰਦਾ ਤੇ ਗੰਭੀਰ ਹੋ ਜਾਂਦਾ। ਉਸ ਦੇ ਅੰਦਰ ਬਦਲਾ ਲੈਣ ਦੀ ਜਵਾਲਾ ਮੱਘਦੀ ਰਹਿੰਦੀ। ਉਸ ਨੂੰ ਕੋਈ ਡਰ ਨਹੀਂ ਸੀ। ਕਮਾਂਡਰ, ਕਪਤਾਨ ਤੇ ਹੋਰ ਫੌਜੀ ਵੀ ਉਸ ਦੇ ਬੋਲਣ 'ਤੇ ਹੈਰਾਨ ਹੁੰਦੇ। ਕੋਈ ਵੀ ਕੰਮ ਉਸ ਲਈ ਮੁਸ਼ਕਲ ਨਹੀਂ ਸੀ।

ਜੰਗ ਚੱਲ ਰਹੀ ਸੀ। ਗੋਲਿਆਂ, ਤੋਪਾਂ ਤੇ ਬੰਦੂਕਾਂ ਦੀਆਂ ਅਵਾਜ਼ਾਂ

ਅੰਬਰ 'ਚ ਡਰਾਉਣੀ ਸ਼ਕਲ ਦਾ ਰੂਪ ਧਾਰ ਰਹੀਆਂ ਸਨ। ਮੁੰਡੇ ਨੇ ਮੇਜ਼ 'ਤੇ ਪਏ ਨਕਸ਼ੇ ਨੂੰ ਸਮਝਣ ਦੀ ਕੋਸ਼ਿਸ ਕੀਤੀ। ਮੋਰਚੇ ਦੇ ਬੰਦੇ ਆਪਣੇ-ਆਪਣੇ ਮੁਹਾਜ਼ਾਂ 'ਤੇ ਪੋਜੀਸ਼ਨਾਂ ਲੈਣ ਲਈ ਤੁਰ ਪਏ ਤੇ ਮੁੰਡਾ ਜਰਮਨ ਫੌਜਾਂ ਦੀ ਜਾਸੂਸੀ ਕਰਨ ਲਈ, ਪਰਲੇ ਪਾਸੇ ਹੋ ਤੁਰਿਆ। ਉਸ ਨੇ ਜਾਸੂਸਾਂ ਵਾਲੀ ਵਰਦੀ ਪਹਿਨੀ ਤੇ ਆਪਣੀ ਕਮਰ ਵਿੱਚ ਇੱਕ ਕਿਰਚ ਬੰਨ੍ਹ ਲਈ, ਇੱਕ ਨੋਟ ਬੁੱਕ ਪਿੱਠ ਪਿੱਛੇ ਲਕੋ ਲਈ। ਦਿਨੇ ਲੁਕਦਾ-ਛਿਪਦਾ ਤੇ ਹਨ੍ਹੇਰੇ 'ਚ ਸੀ.ਆਈ.ਡੀ. ਕਰਦਾ ਰਹਿੰਦਾ। ਉਸ ਨੇ ਕਬਜ਼ੇ ਹੇਠ ਇਲਾਕਿਆਂ ਦੀ ਜਾਣਕਾਰੀ ਇਕੱਤਰ ਕੀਤੀ। ਲੋੜ ਪੈਣ 'ਤੇ ਜਰਮਨ ਭਾਸ਼ਾ ਬੋਲਦਾ ਤਾਂ ਜੋ ਵੈਰੀ ਨੂੰ ਸ਼ੱਕ ਨਾ ਪਵੇ। ਉਹ ਸੁਰੰਗਾਂ 'ਚ ਵੀ ਜਾ ਵੜਦਾ ਤੇ ਦੁਸ਼ਮਣ ਬਾਰੇ ਵੱਧ ਤੋਂ ਵੱਧ ਜਾਣਕਾਰੀ, ਆਪਣੇ ਕਮਾਂਡਰਾਂ, ਕਪਤਾਨਾਂ ਤੇ ਜਾਣੂਆਂ ਨੂੰ ਭੇਜਦਾ ਰਹਿੰਦਾ। ਕਿੰਨੇ ਹੀ ਦਿਨ, ਉਹ ਭੁਖਣ ਭਾਣਾ, ਥੱਕਿਆ ਟੁੱਟਿਆ, ਇੱਕ ਲੁਕਵੀਂ ਝਾੜੀ 'ਚ ਲੁਕ ਗਿਆ, ਉਸ ਨੂੰ ਨੀਂਦ ਆ ਗਈ।

ਇਕ ਜਰਮਨ-ਫੌਜੀ ਨੇ ਫਰੋਲਾ-ਫਰੋਲੀ ਕਰਦਿਆਂ, ਉਸ ਨੂੰ ਜਾ ਦਬੋਚਿਆ। ਉਹ ਫੜਿਆ ਗਿਆ ਪਰ ਉਸ ਦੇ ਚਿਹਰੇ 'ਤੇ ਕੋਈ ਘਬਰਾਹਟ ਨਹੀਂ ਸੀ ਜਿਵੇਂ ਉਸ ਨੂੰ ਪਤਾ ਹੀ ਹੋਵੇ ਕਿ ਜਾਸੂਸੀ ਕਰਨ ਦਾ ਕੀ ਨਤੀਜਾ ਹੁੰਦਾ। ਉਸ ਨੂੰ ਬਟਾਲੀਅਨ ਖੇਤਰ 'ਚ ਕੈਦ ਕਰ ਦਿੱਤਾ। ਕਈਆਂ ਨੇ ਉਸ ਤੋਂ ਰੂਸੀ-ਫੌਜਾਂ ਤੇ ਟਿਕਾਣਿਆਂ ਬਾਰੇ ਜਾਨਣ ਦੀ ਕੋਸ਼ਿਸ਼ ਕੀਤੀ ਪਰੰਤੂ ਉਸ ਨੇ ਮੂੰਹ ਹੀ ਨਾ ਖੋਲ੍ਹਿਆ। ਜਰਮਨ-ਨਾਜ਼ੀਆਂ ਦੇ ਮੇਜਰ, ਲੈਫਟੀਨੈਂਟ ਤੇ ਸਾਰਜੈਂਟ-ਮੇਜਰ ਨੇ ਉਸ ਤੋਂ ਚਾਰ ਦਿਨ ਤੇ ਚਾਰ ਰਾਤਾਂ ਪੂਰੀ ਤਰ੍ਹਾਂ ਸਖ਼ਤੀ ਨਾਲ ਪੁੱਛ-ਗਿੱਛ ਕੀਤੀ। ਉਸ ਨੇ ਕੋਈ ਅਜਿਹਾ ਸ਼ਬਦ ਨਾ ਬੋਲਿਆ, ਜਿਸ ਤੋਂ ਉਸ ਦੀ ਪਛਾਣ ਜਾਂ ਇਲਾਕੇ ਦਾ ਪਤਾ ਲੱਗ ਸਕੇ। ਉਸ ਨੇ ਬਦਲਾ ਲੈਣ ਵਾਲਾ ਵਤੀਰਾ ਕਾਇਮ ਰੱਖਿਆ। ਕੁਝ ਵੀ ਪੱਲੇ ਨਾ ਪੈਂਦਾ ਵੇਖ, ਨਾਜ਼ੀ ਸੁਪ੍ਰੀਮ ਕਮਾਂਡਰ-ਇਨ-ਚੀਫ਼ ਨੇ ਉਸ ਕੈਦੀ ਮੁੰਡੇ ਨੂੰ ਗੋਲੀ ਮਾਰਨ ਦਾ ਹੁਕਮ ਦੇ ਦਿੱਤਾ। ਉਸ ਨੂੰ 5 ਦਸੰਬਰ, ਨੂੰ ਸਵੇਰੇ 6.55 'ਤੇ ਗੋਲੀ ਮਾਰ ਦਿੱਤੀ। ਉਸ ਦੀ ਜੇਬ 'ਚੋਂ ਉਸ ਦਾ ਲਿਖਿਆ ਨਾਂ 'ਇਵਾਨ' ਹੀ ਮਿਲ ਸਕਿਆ। ਉਸ ਦੀ ਲਾਸ਼ ਨੰਗੀ ਕੀਤੀ ਗਈ। ਉਸ ਦੀ ਰੀੜ ਦੀ ਹੱਡੀ 'ਤੇ ਇੱਕ ਜਮਾਂਦਰੂ ਡੂੰਘ ਸੀ ਤੇ ਖੱਬੇ ਮੋਢੇ 'ਤੇ ਗੋਲੀ ਦਾ ਇਕ ਜ਼ਖ਼ਮ ਸੀ। ਉਸ ਦੀ ਲਾਸ਼ ਨਾਲ ਨੱਥੀ ਰਸੀਦ ਅਨੁਸਾਰ ਉਸ ਨੂੰ ਪਕੜਨ ਵਾਲੇ ਬੰਦੇ ਤਿਤਕੋਵ ਨੂੰ ਇਨਾਮ ਵਜੋਂ ਸੌ ਮਾਰਕ ਦੀ ਰਕਮ ਦਿੱਤੀ ਗਈ। ਵਧੇਰੇ ਜਾਣਕਾਰੀ ਲਈ ਵਲਾਦੀਮੀਰ ਬਗਾਮੋਲੋਵ ਦਾ ਨਾਵਲ 'ਇਵਾਨ' ਪੜ੍ਹਿਆ ਜਾ ਸਕਦਾ ਹੈ।

# ਕੰਬਲ ਦਾ ਨਿੱਘ

ਧੀਰਜ ਪੰਜ ਵਰ੍ਹਿਆਂ ਦਾ ਹੋ ਗਿਆ ਸੀ। ਉਸ ਦੀ ਮਾਤਾ ਨਸੀਬੋ ਨੇ ਉਸ ਨੂੰ ਪਿੰਡ ਦੇ ਸਰਕਾਰੀ ਸਕੂਲ ਵਿੱਚ ਦਾਖਲ ਕਰਵਾ ਦਿੱਤਾ। ਉਸ ਦਾ ਪਿਤਾ ਕਰਮੂ ਇਕ ਸਾਧਾਰਨ ਜ਼ਿਮੀਦਾਰ ਸੀ। ਉਸ ਕੋਲ ਤਿੰਨ ਏਕੜ ਜ਼ਮੀਨ ਸੀ ਤੇ ਔਖਾ-ਸੌਖਾ ਆਪ ਹੀ ਖੇਤੀ ਕਰਦਾ। ਕਦੇ-ਕਦੇ ਪਿੰਡ ਦੇ ਕਿਸੇ ਕੰਮੀ ਤੋਂ ਮਦਦ ਲੈ ਲੈਂਦਾ। ਨਸੀਬੋ ਬਹੁਤ ਸੁਨੱਖੀ ਤੇ ਸੂਝਵਾਨ ਸੀ। ਉਹ ਆਪਣੇ ਪੁੱਤਰ ਧੀਰਜ ਨੂੰ ਪੜ੍ਹਾ-ਲਿਖਾ ਕੇ ਚੰਗੀ ਨੌਕਰੀ 'ਤੇ ਲੱਗਣ ਦੇ ਸੁਪਨੇ ਲੈਂਦੀ। ਘਰ-ਵਾਲੇ ਨਾਲ ਖੇਤੀ ਦੇ ਕੰਮਾਂ ਵਿਚ ਵੀ ਹੱਥ ਵਟਾਉਂਦੀ। ਪੁੱਤਰ ਨੂੰ ਨੇਕ ਬਣਨ ਦੀਆਂ ਕਹਾਣੀਆਂ ਸੁਣਾਉਂਦੀ। ਮਮਤਾ ਭਰੀ ਗੋਦੀ 'ਚ ਲੈ ਕੇ ਪਿਆਰ ਕਰਦੀ। ਸਕੂਲ ਨੂੰ ਸਜਾ-ਧਜਾ ਕੇ ਭੇਜਦੀ। ਧੀਰਜ ਪੜ੍ਹਨ ਵਿੱਚ ਤਿੱਖਾ ਸੀ। ਅਧਿਆਪਕ ਉਸ ਦੀ ਸਿੱਖਣ-ਰੁਚੀ ਤੋਂ ਹੈਰਾਨ ਵੀ ਹੁੰਦੇ। ਅਜੇ ਸਾਲ ਪੂਰਾ ਵੀ ਨਹੀਂ ਸੀ ਹੋਇਆ ਕਿ ਧੀਰਜ ਦੀ ਮਾਂ ਇੱਕ-ਦੋ ਦਿਨ ਢਿੱਲੀ ਰਹਿਣ ਕਾਰਨ, ਗੁਜ਼ਰ ਗਈ। ਪਤਾ ਹੀ ਨਾ ਲੱਗਿਆ ਕੀ ਹੋਇਆ। ਗਲੀ-ਗੁਆਂਢ ਨਸੀਬੋ ਦੇ ਗੁਣਾਂ ਨੂੰ ਯਾਦ ਕਰਨ ਲੱਗੇ। ਘਰ 'ਚ ਸੋਗ ਪੈ ਗਿਆ। ਮਰੀ ਮਾਂ ਨੂੰ ਵੇਖ ਧੀਰਜ ਦਾ ਦਿਲ ਹੌਲ ਗਿਆ। ਮੋਈ ਮਾਂ ਨੂੰ ਆਵਾਜ਼ਾਂ ਮਾਰ, ਉੱਠਣ ਲਈ ਤਰਲੇ ਕਰਨ ਲੱਗਿਆ। ਬੱਚੇ ਨੂੰ ਕੀ ਪਤਾ ਕਿ ਮਾਂ ਤਾਂ ਹੁਣ ਸੀਵਿਆਂ ਦੇ ਰਾਹ ਪੈ ਗਈ। ਕਰਮੂ 'ਤੇ ਦੁੱਖ ਦਾ ਪਹਾੜ ਟੁੱਟ ਪਿਆ। ਉਸ ਦੀ ਦੁਨੀਆਂ 'ਚ ਹਨੇਰ ਪੈ ਗਿਆ। ਖੇਤ ਤੇ ਘਰ ਉਸ ਲਈ ਬਿਪਤਾ ਬਣ ਗਏ। ਕਦੇ ਪੁੱਤ ਨੂੰ ਸਾਂਭਦਾ, ਕਦੇ ਮੱਝ ਲਈ ਪੱਠੇ ਲਿਆਉਂਦਾ ਤੇ ਕਦੇ ਖੇਤਾਂ 'ਚ ਜਾ ਕੇ ਨਸੀਬੋ ਨੂੰ ਚੇਤੇ ਕਰਦਾ। ਇੰਜ ਦੁੱਖਾਂ 'ਚ ਸਾਲ ਲੰਘ ਗਿਆ। ਧੀਰਜ ਨੇ ਪਹਿਲੀ ਜਮਾਤ ਪਾਸ ਕਰ ਲਈ। ਸੁਪਨੇ 'ਚ ਮਾਂ ਹਾਜ਼ਰ ਹੁੰਦੀ। ਮਾਂ ਦੀ ਮਮਤਾ ਖੁਸ ਗਈ। ਬਚਪਨ ਰੁਲਣ ਲੱਗਿਆ।

ਲੋਕਾਂ ਦੇ ਵਾਰ-ਵਾਰ ਕਹਿਣ 'ਤੇ ਘਰ ਦੀ ਸੰਭਾਲ ਲਈ ਕਰਮੂ ਨੇ ਦੂਜਾ ਵਿਆਹ ਕਰਵਾ ਲਿਆ। ਕਰਮੂ ਲੋੜਕੂ ਸੀ, ਇਸ ਲਈ ਉਸ ਨੂੰ ਜਿਹੜਾ

ਰਿਸ਼ਤਾ ਮਿਲਿਆ, ਉਹ ਸਵੀਕਾਰ ਕਰਨਾ ਪਿਆ। ਰਿਸ਼ਤੇਦਾਰਾਂ ਨੇ ਵੀ ਕਰਮੂ ਨੂੰ ਘਰ ਵਸਾਉਣ ਲਈ ਵਿਆਹ ਕਰਾਉਣ ਲਈ ਜ਼ੋਰ ਦਿੱਤਾ। ਜੰਞ 'ਚ ਧੀਰਜ ਨੂੰ ਵੀ ਆਪਣੀ ਨਵੀਂ ਮਾਂ ਵੇਖਣ ਲਈ ਖ਼ੁਸ਼ੀ ਸੀ। ਤੇਜੋ ਨਾਂ ਦੀ ਪਤਨੀ ਕਰਮੂ ਦੇ ਘਰ ਦੀ ਮਾਲਕ ਬਣ ਗਈ। ਘਰ 'ਚ ਚਹਿਲ-ਪਹਿਲ ਹੋ ਗਈ। ਕਰਮੂ ਦੇ ਉਦਾਸ ਦਿਨ ਖ਼ੁਸ਼ੀ 'ਚ ਬਦਲਣ ਲੱਗੇ। ਧੀਰਜ ਵੀ ਮਾਂ ਦੀ ਮਮਤਾ ਲਈ ਆਸਵੰਦ ਹੋਣ ਲੱਗਾ। ਕਈ ਹਾਣੀ ਉਸ ਨੂੰ ਨਵੀਂ ਮਾਂ ਬਾਰੇ ਪੁੱਛਦੇ। ਉਹ ਚੁੱਪ ਕਰ ਜਾਂਦਾ। ਕਰਮੂ ਦਾ ਬਹੁਤਾ ਲਗਾਓ ਤੇਜੋ ਵੱਲ ਵੱਧਦਾ ਗਿਆ ਤੇ ਉਹ ਧੀਰਜ ਤੋਂ ਅਵੇਸਲਾ ਹੋਣ ਲੱਗ ਪਿਆ। ਸਮਾਂ ਲੰਘਦਾ ਗਿਆ।

ਸਾਲ ਕੁ ਪਿੱਛੋਂ ਤੇਜੋ ਨੇ ਇੱਕ ਪੁੱਤਰ ਨੂੰ ਜਨਮ ਦਿੱਤਾ, ਕਰਮੂ ਨੂੰ ਜਿਵੇਂ ਹੋਰ ਹੌਂਸਲਾ ਹੋ ਗਿਆ ਤੇ ਘਰ ਵਸਣ ਦੀ ਤਸੱਲੀ ਹੋ ਗਈ। ਪੁੱਤਰ ਦਾ ਨਾਂ ਆਸਜੀਤ ਰੱਖਿਆ। ਆਸਜੀਤ ਕੁੱਝ ਮਹੀਨਿਆਂ ਦਾ ਹੀ ਹੋਇਆ ਸੀ, ਤੇਜੋ ਨੇ ਜ਼ਿੱਦ ਕਰ ਕੇ ਧੀਰਜ ਨੂੰ ਸਕੂਲੋਂ ਹਟਵਾ ਲਿੱਤਾ ਤੇ ਪਤੀ ਨਾਲ ਖੇਤੀ ਕਰਨ ਲਾ ਦਿੱਤਾ। ਕਰਮੂ ਤੇਜੋ ਦੀ ਕੋਈ ਗੱਲ ਨਾ ਮੋੜਦਾ। ਲੜਾਕੇ ਘਰ ਦੀ ਹੋਣ ਕਾਰਨ, ਉਹ ਉਸ ਤੋਂ ਭੈਅ ਖਾਣ ਲੱਗਾ, ਜਿਵੇਂ ਉਹ ਹੁਕਮ ਕਰਦੀ, ਉਵੇਂ ਕਰਦਾ। ਧੀਰਜ ਦੇ ਸੁਪਨੇ ਟੁੱਟਣ ਲੱਗੇ। ਉਸ ਨਾਲ ਪਿਆਰ ਦੀ ਥਾਂ ਕ੍ਰੋਧ ਵਾਲਾ ਵਤੀਰਾ ਹੋਣ ਲੱਗਾ। ਖਾਣ-ਪੀਣ ਵਿੱਚ ਵੀ ਦਵੈਤ ਹੋਣ ਲੱਗੀ। ਤੇਜੋ ਨੂੰ ਧੀਰਜ ਆਪਣੇ ਪੁੱਤਰ ਦਾ ਸਰੀਕ ਜਾਪਣ ਲੱਗਾ।

ਕਰਮੂ ਦੇ ਖੇਤ ਘਰ ਤੋਂ ਕਰੀਬ ਦੋ ਕਿਲੋਮੀਟਰ ਦੂਰ ਸਨ। ਧੀਰਜ ਨੂੰ ਉਮਰ ਅਨੁਸਾਰ ਕੰਮ ਵੱਧ ਕਰਨਾ ਪੈਂਦਾ ਤੇ ਖੁਰਾਕ ਘੱਟ ਮਿਲਦੀ। ਖੇਤੋਂ ਮੱਝ ਲਈ ਸਿਰ 'ਤੇ ਚੁੱਕ ਕੇ ਪੱਠੇ ਲਿਆਉਂਦਾ। ਹੱਥ-ਟੋਕਾ ਮਸ਼ੀਨ ਨਾਲ ਕੁਤਰਾ ਕਰਦਾ। ਮੱਝ ਦੀ ਸੇਵਾ ਕਰਨੀ ਪੈਂਦੀ। ਹੋਰ ਘਰ ਦੇ ਕੰਮਾਂ ਵਿੱਚ ਵੀ ਹੱਥ ਵਟਾਉਂਦਾ। ਛੋਟੇ ਆਸਜੀਤ ਭਰਾ ਨੂੰ ਖਿਡਾਉਂਦਾ। ਉਸ ਨੂੰ ਤਾਂ ਮੋਹ ਆਉਂਦਾ ਜੇ ਕਿਤੇ ਕੋਈ ਗ਼ਲਤੀ ਹੋ ਜਾਂਦੀ ਤਾਂ ਉਸ ਨੂੰ ਕੁੱਟ ਵੀ ਪੈਂਦੀ। ਧੀਰਜ ਨੂੰ ਆਪਣੀ ਮਾਂ ਦੀ ਯਾਦ ਆਉਂਦੀ। ਪਿਤਾ ਦੀ ਬੇਰੁਖ਼ੀ ਕਾਰਨ, ਉਹ ਬੇਆਸਰਾ ਹੋ ਗਿਆ। ਪਹਿਲਾਂ ਸਕੂਲ ਦੀ ਪੜ੍ਹਾਈ ਤੋਂ ਵਾਂਝਾ ਹੋਇਆ ਫਿਰ ਮਾਪਿਆਂ ਦੇ ਮੋਹ ਤੋਂ ਅਭਿੱਜ ਹੋ ਗਿਆ। ਹੁਣ ਘਰ ਵਿੱਚ ਉਸ ਦੀ ਸੁਣਨ ਵਾਲਾ ਵੀ ਨਹੀਂ ਸੀ। ਪਿਤਾ ਤੋਂ ਡਰਦਾ, ਉਹ ਕਿਸੇ ਪਾਸੇ ਜਾ ਵੀ ਨਹੀਂ ਸੀ ਸਕਦਾ। ਸੁਪਨਿਆਂ ਦੀ ਉਮਰ ਖੋਹੀ ਗਈ।

ਤੇਜੋ ਨੇ ਸਾਢੇ ਤਿੰਨ ਸਾਲ ਦੇ ਆਸਜੀਤ ਨੂੰ ਪਬਲਿਕ ਸਕੂਲ 'ਚ ਦਾਖਲ ਕਰਵਾਉਣ ਦੀ ਜ਼ਿੱਦ ਕੀਤੀ। ਕਰਮੂ ਕੋਲ ਪਹੁੰਚ ਤਾਂ ਨਹੀਂ ਸੀ ਪਰੰਤੂ ਘਰਵਾਲੀ ਅੱਗੇ ਬੇਵੱਸ ਸੀ। ਖਰਚ ਕਰਕੇ ਪੁੱਤਰ ਦਾਖ਼ਲ ਕਰਵਾ ਦਿੱਤਾ। ਬੜੇ ਚਾਅ ਨਾਲ ਤਿਆਰ ਕਰਕੇ ਭੇਜਦੀ ਤੇ ਪੁੱਤਰ ਨੂੰ ਅਫ਼ਸਰ ਬਣਾਉਣ ਦੇ ਕਿਲ੍ਹੇ ਉਸਾਰਨ ਲੱਗੀ। ਸਮਾਂ ਲੰਘਦਾ ਗਿਆ ਤੇ ਧੀਰਜ ਦੀ ਕਸ-ਕਸਾਈ ਵੱਧਦੀ ਗਈ। ਤੇਜੋ ਈਰਖਾ ਨਾਲ ਜਲਣ ਲੱਗੀ। ਇੱਕ ਦਿਨ ਗੁੱਸੇ 'ਚ ਉਸ ਨੇ ਧੀਰਜ ਦੇ ਸਾਗ ਚੀਰਨ ਵਾਲਾ ਦਾਤੜਾ ਵਗਾਹ ਮਾਰਿਆ। ਰੱਬ ਦੀ ਖ਼ੈਰ, ਧੀਰਜ ਬਚ ਗਿਆ। ਉਸ ਦੇ ਦਿਲ 'ਚ ਹੌਲ ਬੈਠ ਗਿਆ। ਉਹ ਡਰ-ਡਰ ਕੇ ਆਸਜੀਤ ਨੂੰ ਖਿਡਾਉਂਦਾ। ਘਰ ਕਲੇਸ ਰਹਿਣ ਲੱਗਿਆ। ਤੇਜੋ ਨੂੰ ਧੀਰਜ ਅੱਖੀਂ ਨਾ ਖਿਆਉਂਦਾ। ਕਰਮੂ ਵੀ ਉਸ ਨੂੰ ਕੰਮ 'ਚ ਦਬਿੱਲ ਰੱਖਦਾ।

ਇਕ ਦਿਨ ਤੇਜੋ ਦਾ ਸਾਗ ਚੀਰਿਦਿਆਂ, ਦਾਤੜੇ ਨਾਲ ਹੱਥ 'ਤੇ ਚੀਰ ਆ ਗਿਆ। ਸੋਚ ਹੋਰ ਪਾਸੇ ਸੀ। ਚੀਰੇ ਵਾਲੇ ਹੱਥ ਦੀ ਪ੍ਰਵਾਹ ਨਾ ਕੀਤੀ। ਕਈ ਦਿਨ ਲੰਘ ਗਏ। ਚੀਰਾ ਟੈਟਨਸ ਦਾ ਰੂਪ ਧਾਰ ਗਿਆ। ਕਾਬੂ ਤੋਂ ਬਾਹਰ ਹੋਣ ਕਾਰਨ ਤੇਜੋ ਦੇ ਸਰੀਰ 'ਚ ਜ਼ਹਿਰ ਫੈਲ ਗਈ ਤੇ ਤੇਜੋ ਚੱਲ ਵਸੀ। ਹੁਣ ਕੀ ਹੋ ਸਕਦਾ ਸੀ। ਕਰਮੂ ਦੀ ਜ਼ਿੰਦਗੀ ਮੁੜ ਹਨੇਰ ਬਣ ਗਈ। ਸਭ ਕੁਝ ਢਹਿ-ਢੇਰੀ ਹੋ ਗਿਆ। ਆਸਜੀਤ ਵੀ ਮਾਂ-ਮਹਿਟਰ ਹੋ ਗਿਆ। ਘਰ 'ਚ ਸੋਗ ਪੈ ਗਿਆ। ਕਰਮੂ ਕੱਖ ਜੋਗਾ ਨਾ ਰਿਹਾ। ਧੀਰਜ ਨੇ ਆਪਣੀ ਦੂਜੀ (ਮਤਰੇਈ) ਮਾਂ ਦੀ ਅਰਥੀ ਨੂੰ ਮੋਢਾ ਦਿੱਤਾ। ਕਰਮੂ, ਧੀਰਜ ਤੇ ਆਸਜੀਤ ਤਿੰਨ ਜੀਆਂ ਲਈ ਘਰ ਸੁੰਨਾ ਹੋ ਗਿਆ। ਆਸਜੀਤ ਨੂੰ ਵੀ ਸਕੂਲੋਂ ਹਟਾਅ ਲਿਆ ਗਿਆ। ਕਰਮੂ ਨੂੰ ਤੇਜੋ ਦੀ ਮੌਤ ਪਿੱਛੋਂ ਧੀਰਜ ਹੋਰ ਵੀ ਬੁਰਾ ਲੱਗਣ ਲੱਗਿਆ। ਧੀਰਜ ਨੇ ਪੰਦਰਵੇਂ ਵਰ੍ਹੇ 'ਚ ਪੈਰ ਰੱਖਿਆ ਤੇ ਆਸਜੀਤ ਪੰਜ ਸਾਲਾਂ ਦਾ ਹੋ ਗਿਆ। ਘਰ ਦੀ ਸੰਭਾਲ ਨਾ ਹੁੰਦੀ ਵੇਖ, ਕਰਮੂ ਨੂੰ ਮੱਝ ਵੀ ਵੇਚਣੀ ਪਈ। ਮੰਦੀ ਹਾਲਤ ਕਾਰਨ ਉਸ ਦਾ ਗੁੱਸਾ ਧੀਰਜ 'ਤੇ ਹੀ ਨਿਕਲਦਾ ਤੇ ਆਸਜੀਤ ਨੂੰ ਬੋਚ-ਬੋਚ ਰੱਖਦਾ। ਖੇਤੀ ਦਾ ਸਾਰਾ ਭਾਰ ਧੀਰਜ 'ਤੇ ਪੈ ਗਿਆ।

ਪੋਹ ਦਾ ਮਹੀਨਾ ਸੀ। ਸਰਦੀ ਪੂਰੇ ਜ਼ੋਰਾਂ 'ਤੇ ਸੀ। ਕਣਕਾਂ ਕੱਦ ਕੱਢ ਰਹੀਆਂ ਸਨ। ਰਾਤਾਂ ਨੂੰ ਅਵਾਰਾਂ ਪਸ਼ੂ ਕਣਕਾਂ ਦਾ ਬਹੁਤ ਨੁਕਸਾਨ ਕਰ ਜਾਂਦੇ ਸਨ। ਕਰਮੂ ਨੂੰ ਫ਼ਸਲ ਦਾ ਚੇਤੇ ਆਇਆ। ਧੀਰਜ ਨੇ ਬੜੀ ਮਿਹਨਤ ਕਰਕੇ

ਕਣਕ ਦੀ ਫ਼ਸਲ ਪਾਲੀ ਸੀ। ਅਵਾਰਾ ਪਸ਼ੂਆਂ ਤੋਂ ਰਾਖੀ ਕਰਨ ਲਈ, ਰਾਤ ਦਾ ਰੋਟੀ-ਟੁੱਕ ਕਰਕੇ, ਕਰਮੂ ਆਪਣੇ ਦੋਵੇਂ ਪੁੱਤਰਾਂ ਨੂੰ ਖੇਤਾਂ ਵੱਲ ਲੈ ਟੁਰਿਆ। ਛਪਰੀ ਥੱਲੇ ਬੈਠ ਕੇ ਉਸ ਨੇ ਸਰਦੀ ਤੋਂ ਬਚਣ ਲਈ ਧੂਣੀ ਬਾਲੀ ਤੇ ਸੁੱਕੀਆਂ ਲੱਕੜਾਂ ਤੇ ਤੀਲਾਂ ਦਾ ਢੇਰ ਲਾ ਲਿਆ। ਧੂਣੀ ਭੱਖਦੀ ਰਹੀ ਤੇ ਧੀਰਜ ਖੇਤਾਂ 'ਚ ਗੇੜਾ ਮਾਰ ਕੇ ਧੂਣੀ ਕੋਲ ਆ ਬਹਿੰਦਾ। ਕਰਮੂ ਆਪਣੀ ਗੋਦ ਵਿੱਚ ਆਸਜੀਤ ਨੂੰ ਸਰਦੀ ਤੋਂ ਬਚਾਉਂਦਾ, ਕੱਪੜਿਆਂ 'ਚ ਲਪੇਟੀ ਜਾਂਦਾ ਤੇ ਧੂਣੀ ਦੇ ਸੇਕ ਨਾਲ ਨਿੱਘਾ ਕਰਦਾ ਰਹਿੰਦਾ। ਅੱਧੀ ਰਾਤ ਹੋਣ ਵਾਲੀ ਹੋ ਗਈ ਤੇ ਪੋਹ ਦੀ ਸਰਦੀ ਦਾ ਠੱਕਾ ਵੱਧਣ ਲੱਗਾ। ਪੰਜ ਵਰ੍ਹਿਆਂ ਦਾ ਆਸਜੀਤ ਠਹੂੰ-ਠਹੂੰ ਕਰਨ ਲੱਗਾ। ਕਰਮੂ ਕਦੇ ਆਸਜੀਤ ਨੂੰ ਨਿੱਘ ਦੇਂਦਾ ਤੇ ਕਦੇ ਧੀਰਜ ਨੂੰ ਧੂਣੀ ਕੋਲ ਸੇਕਦੇ ਨੂੰ ਘੂਰ-ਘੂਰ ਤੱਕਦਾ। ਧੀਰਜ ਨੇ ਆਪਣੀ ਮਾਂ ਦਾ ਦਾਜ ਵਾਲਾ ਕੰਬਲ ਆਪਣੇ ਆਲੇ-ਦੁਆਲੇ ਲਪੇਟਿਆ ਹੋਇਆ ਸੀ। ਸਰਦੀ ਉਸ ਨੂੰ ਵੀ ਹੱਥ ਵਿਖਾ ਰਹੀ ਸੀ ਪਰੰਤੂ ਉਹ ਆਪਣਾ ਦੁਖੜਾ ਕਿਸ ਨੂੰ ਦੱਸਦਾ। ਗੋਦੀ 'ਚ ਬੈਠੇ ਆਸਜੀਤ ਦੇ ਮੂੰਹੋਂ ਨਿਕਲਿਆ, ਪਾਪਾ, ਮੈਨੂੰ ਵੀ ਕੰਬਲ ਦੇ-ਦੇ। ਸਰਦੀ ਐ। ਵੀਰ, ਦੇ-ਦੇ ਮੈਨੂੰ ਵੀ ਕੰਬਲ, ਆਸਜੀਤ ਨੇ ਮੁੜ ਕਿਹਾ। ਧੀਰਜ ਗੜੁੰਮ ਰਿਹਾ। ਚੁੱਪ-ਚਾਪ। ਕਰਮੂ ਨੂੰ ਗੁੱਸਾ ਚੜ੍ਹ ਗਿਆ। ਡੰਡਾ ਚੁੱਕ ਧੀਰਜ ਨੂੰ ਕੁੱਟਣ ਲੱਗ ਪਿਆ। ਕੁੱਟ ਹੁੰਦੀ ਰਹੀ, ਆਸਜੀਤ ਡਰਿਆ ਹੋਇਆ ਵੇਖਦਾ ਰਿਹਾ। ਧੀਰਜ ਨੇ ਕੰਬਲ ਲਪੇਟ ਰੱਖਿਆ, ਛੱਡਿਆ ਨਾ ਤੇ ਆਖ਼ਰ ਭੁੰਜੇ ਪੈ ਗਿਆ। ਹਫ਼ਦਾ-ਹਫਾਉਂਦਾ ਕਰਮੂ ਖੇਤਾਂ ਵੱਲ ਜਾ, ਅਵਾਰਾ ਪਸ਼ੂਆਂ ਨੂੰ ਹੋ-ਹੋ ਕਰਦਾ ਰਿਹਾ। ਆਸਜੀਤ ਨੇ ਫਿਰ ਕਿਹਾ, ਕੰਬਲ ਦੇ-ਦੇ। ਠੰਢ ਲਗਦੀ, ਵੀਰਿਆ। ਧੀਰਜ ਨੇ ਕੰਬਲ ਤੋਂ ਬਾਹਰ ਮੂੰਹ ਕੱਢਿਆ। ਬੈਠਾ ਹੋਇਆ, ਸੱਟਾਂ ਰੜਕਨ ਲੱਗੀਆਂ। ਮਾਂ ਚੇਤੇ ਆਈ। ਆਸਜੀਤ ਕਰਕੇ, ਕੁੱਟ ਕਾਰਨ ਮਨ ਉਬਲਿਆ ਵੀ, ਕਈ ਉਤਰਾਅ-ਚੜ੍ਹਾਅ ਆਏ। ਪਿਤਾ ਦੇ ਵਤੀਰੇ ਦਾ ਬਦਲਾ ਲੈਣ ਦਾ ਖਿਆਲ ਵੀ ਆਇਆ। ਮਤਰੇਈ ਮਾਂ ਦਾ ਝੱਲਿਆ ਗੁੱਸਾ ਵੀ ਸੋਚਾਂ 'ਚੋਂ ਲੰਘਿਆ। ਪਤਾ ਨਹੀਂ ਝੱਟ ਕੀ ਹੋਇਆ। ਧੀਰਜ ਦੀ ਸੋਚ ਹੋਰ ਪਾਸੇ ਤੁਰ ਪਈ। "ਆਸਜੀਤ ਦੀ ਜੇ ਅੱਜ ਮਾਂ ਹੁੰਦੀ ਤਾਂ ਉਹ ਉਸ ਨੂੰ ਨਿੱਘ ਦੇਂਦੀ ਜਿਵੇਂ ਮੇਰੀ ਮਾਂ ਮੇਰਾ ਖ਼ਿਆਲ ਰੱਖਦੀ ਸੀ।" ਧੀਰਜ ਸੰਭਲ ਕੇ ਉੱਠਿਆ ਤੇ ਉਸ ਨੇ ਆਪਣਾ ਕੰਬਲ ਆਸਜੀਤ ਦੁਆਲੇ ਲਪੇਟ ਦਿੱਤਾ ਤੇ ਧੂਣੀ ਸੇਕਣ ਲੱਗਿਆ।

# ਘਰ ਦਾ ਚਾਨਣ

ਕਰੋਨਾ ਮਹਾਮਾਰੀ ਕਾਰਨ ਦੇਸ ਵਿਚ ਲਾਕਡਾਊਨ (ਤਾਲਾਬੰਦੀ) ਅਤੇ ਕਰਫਿਊ ਲੱਗਿਆ ਹੋਇਆ ਸੀ। ਨਵਕਿਰਨ ਦਾ ਗਿਆਰਵਾਂ ਜਨਮ-ਦਿਨ 2 ਮਈ, 2020 ਨੂੰ ਆਉਣਾ ਸੀ। ਪਰੰਤੂ ਸ਼ਹਿਰ ਵਿੱਚ ਤਾਂ ਹੁਕਮਾਂ ਦੀ ਪਾਲਣਾ ਕਰ ਕੇ ਰੋਕ ਲੱਗੀ ਹੋਈ ਸੀ। ਨਵਕਿਰਨ ਨੇ ਛੇਵੀਂ ਸ਼੍ਰੇਣੀ ਪਾਸ ਕਰ ਲਈ ਸੀ। ਸਕੂਲਾਂ ਵਿੱਚ ਛੁੱਟੀਆਂ ਕੀਤੀਆਂ ਹੋਈਆਂ ਸਨ। ਸੱਤਵੀਂ ਸ਼੍ਰੇਣੀ ਦੀਆਂ ਪਾਠ-ਪੁਸਤਕਾਂ, ਕਾਪੀਆਂ ਤੇ ਹੋਰ ਲਿਖਣ ਸਮੱਗਰੀ ਨਵਕਿਰਨ ਦੇ ਪਿਤਾ ਨੇ ਇਸ ਰੋਕ ਸਮੇਂ ਤੋਂ ਪਹਿਲਾਂ ਹੀ ਲਿਆ ਦਿੱਤੀਆਂ ਸਨ।

ਜਨਮ-ਦਿਨ ਮਨਾਉਣ ਲਈ ਵੀ ਤਿਆਰੀ ਕਰ ਲਈ। ਨਵਕਿਰਨ ਦੀ ਮਾਤਾ ਨੇ ਚਣੇ-ਪੂਰੀਆਂ, ਖੀਰ ਤੇ ਕੜਾਹ ਘਰ ਹੀ ਬਣਾ ਲਿਆ ਤੇ ਸ਼ਾਮੀਂ ਨਵਕਿਰਨ ਦੇ ਜਨਮ-ਦਿਨ ਦੀਆਂ ਮੁਬਾਰਕਾਂ ਦਾ ਸਮਾਗਮ ਰਚਾ ਲਿਆ। ਉਸਦੇ ਪਿਤਾ ਨੇ ਨਵਕਿਰਨ ਦੇ ਗੱਲੇ ਵਿੱਚ ਪੰਜ ਸੌ ਰੁਪਏ ਪਾ ਦਿੱਤੇ। ਜਨਮ-ਦਿਨ ਦੀਆਂ ਮੁਬਾਰਕਾਂ ਨਾਲ ਨਵਕਿਰਨ ਖਿੜ ਗਈ। ਨਵਕਿਰਨ ਨੇ ਬਜ਼ਾਰ ਜਾਣ ਦੀ ਕੋਈ ਜ਼ਿੱਦ ਨਾ ਕੀਤੀ ਤੇ ਨਾ ਹੀ ਆਪਣੀਆਂ ਸਹੇਲੀਆਂ ਨੂੰ ਘਰ ਸੱਦਿਆ। ਟੀ.ਵੀ. ਚੈਨਲਾਂ 'ਤੇ ਲੋਕਾਂ ਨੂੰ ਵਾਰ-ਵਾਰ ਘਰ ਰਹਿਣ, ਹੱਥਾਂ ਦੀ ਸਫ਼ਾਈ ਰੱਖਣ, ਇੱਕ ਦੂਜੇ ਤੋਂ ਵਿੱਥ ਰੱਖਣ ਤੇ ਮਾਸਕ ਪਹਿਨਣ ਦੀਆਂ ਹਦਾਇਤਾਂ ਦਿੱਤੀਆਂ ਜਾ ਰਹੀਆਂ ਸਨ। ਮੋਬਾਇਲ ਫ਼ੋਨ 'ਤੇ ਹੀ ਉਸ ਦੀਆਂ ਸਹੇਲੀਆਂ ਨੇ ਹੈਪੀ-ਬਰਥ-ਡੇ ਕਹਿ ਕੇ ਉਸ ਨਾਲ ਬੋਲ ਸਾਂਝੇ ਕੀਤੇ। ਉਸ ਦੀ ਇੰਚਾਰਜ-ਅਧਿਆਪਕਾ ਨੇ ਵੀ ਸ਼ੁਭ-ਇਛਾਵਾਂ ਦਿੱਤੀਆਂ ਤੇ ਉਸ ਦੇ ਜਨਮ-ਦਿਨ ਘਰੇ ਮਨਾਉਣ ਦੀ ਪ੍ਰਸ਼ੰਸਾ ਕੀਤੀ।

ਹੁਣ ਨਵਕਿਰਨ ਨੂੰ ਸਾਰਾ ਦਿਨ ਘਰ ਬਤਾਉਣਾ ਪੈਂਦਾ ਸੀ। ਸਾਰਾ ਦਿਨ ਪੜ੍ਹਾਈ ਵੀ ਨਹੀਂ ਹੋ ਸਕਦੀ ਸੀ। ਟੀ.ਵੀ. ਵੇਖ-ਵੇਖ ਕੇ ਵੀ ਉਹ ਅੱਕ ਜਾਂਦੀ। ਉਸ ਨੇ ਆਪਣੇ ਸਕੂਲ ਦੀ ਸਮਾਂ-ਸਾਰਨੀ ਵਾਂਗ ਘਰ ਰਹਿਣ ਦੀ ਵੀ

ਕੰਮ-ਵੰਡ ਕਰ ਲਈ। ਉਸ ਦੇ ਮਾਪੇ ਵੀ ਕਾਨੂੰਨ ਦੀ ਪਾਲਣਾ ਕਰਨ 'ਤੇ ਜ਼ੋਰ ਦਿੰਦੇ ਸਨ। ਫੈਕਟਰੀ ਬੰਦ ਹੋਣ ਕਾਰਨ, ਨਵਕਿਰਨ ਦੇ ਪਿਤਾ ਵੀ ਘਰ ਰਹਿਣ ਲਈ ਮਜਬੂਰ ਸਨ। ਉਸ ਦੀ ਮਾਤਾ ਤਾਂ ਕੋਈ ਨੌਕਰੀ ਨਹੀਂ ਸੀ ਕਰਦੀ, ਘਰ ਸ਼ੰਭਾਲਦੀ ਸੀ । ਨਵਕਿਰਨ ਨੇ ਇਕ ਦਿਨ ਆਪਣੀ ਮਾਤਾ ਤੋਂ ਆਟਾ ਗੁੰਨਣ ਦੀ ਘੰਟੀ ਲਾਈ। ਦੂਜੇ ਦਿਨ ਰੋਟੀ ਪਕਾਉਣ ਦੀ ਵਿੱਧੀ ਸਿੱਖੀ। ਚਾਹ ਬਣਾਉਣੀ ਤਾਂ ਉਹ ਪਹਿਲਾਂ ਹੀ ਜਾਣਦੀ ਸੀ। ਗੈਸ-ਚੁਲ੍ਹੇ ਦੀ ਵਰਤੋਂ ਕਰਨ ਬਾਰੇ ਉਹ ਬੜੀ ਸਿਆਣੀ ਸੀ। ਕਈ ਵੇਰ ਆਪਣੀ ਮਾਤਾ ਨੂੰ ਵੀ ਗੈਸ ਦੀ ਠੀਕ ਵਰਤੋਂ ਕਰਨ ਬਾਰੇ ਸੁਚੇਤ ਕਰਦੀ।

ਉਹ ਸਬਜ਼ੀ-ਦਾਲ ਬਣਾਉਂਦੀ ਆਪਣੀ ਮੰਮੀ ਨੂੰ ਵੇਖਦੀ ਰਹਿੰਦੀ। ਸਬਜ਼ੀ ਚੀਰਨ-ਕੱਟਣ ਤੋਂ ਪਹਿਲਾਂ, ਉਸ ਨੂੰ ਚੰਗੀ ਤਰ੍ਹਾਂ ਧੋਂਦੀ ਤੇ ਫਿਰ ਸਬਜ਼ੀ ਨੂੰ ਬਣਾਉਣ ਲਈ ਪਲੇਟ 'ਚ ਢੱਕ ਕੇ ਰੱਖ ਦਿੰਦੀ। ਇਸ ਕੰਮ ਕਰ ਕੇ ਇੱਕ ਦਿਨ ਉਸ ਦੇ ਪਾਪਾ ਨੇ ਉਸ ਨੂੰ ਦਸ ਰੁਪਏ ਇਨਾਮ ਵੀ ਦਿੱਤਾ। ਵਿਅਰਥ ਚੀਜ਼ਾਂ ਸੰਵਾਰ-ਸੰਭਾਲ ਤੇ ਰੰਗਣ ਕਰ ਕੇ ਡਰਾਇੰਗ ਰੂਮ ਦੇ ਖੂੰਜਿਆਂ ਨੂੰ ਸਜਾ ਦੇਂਦੀ। ਅਧੂਰੀ ਪਈ ਐਲਬੰਮ 'ਚ, ਲਫ਼ਾਫਿਆਂ 'ਚ ਪਈਆਂ ਫੋਟੋਆਂ ਨੂੰ ਸੈੱਟ ਕਰ ਕੇ, ਜਦੋਂ ਉਸ ਨੇ ਆਪਣੀ ਮੰਮੀ ਨੂੰ ਐਲਬੰਮ ਵਿਖਾਈ, ਉਹ ਪੁਰਾਣੀਆਂ ਫੋਟੋਆਂ ਨੂੰ ਵੇਖ-ਵੇਖ ਖ਼ੁਸ਼ ਹੋ ਗਈ। "ਧੀਏ, ਤੂੰ ਤਾਂ ਮੇਰੇ ਘਰ ਦਾ ਸ਼ਿੰਗਾਰ ਐਂ", ਉਸ ਦੀ ਮੰਮੀ ਦੇ ਮੂੰਹੋਂ ਨਿਕਲਿਆ।

ਇੱਕ ਦਿਨ ਨਵਕਿਰਨ ਦੀ ਮੰਮੀ ਦੁਪਹਿਰ ਵੇਲੇ ਸੁੱਤੀ ਅਰਾਮ ਕਰ ਰਹੀ ਸੀ। ਨਵਕਿਰਨ ਨੇ ਕੱਪ-ਬੋਰਡਾਂ 'ਚ ਪਏ ਕੱਪੜਿਆਂ ਨੂੰ ਤੈਹਾਂ ਲਾ ਕੇ ਸੈੱਟ ਕਰ ਦਿੱਤਾ ਤੇ ਕੁਝ ਨੂੰ ਹੈਂਗਰਾਂ 'ਚ ਟੰਗ ਦਿੱਤਾ। ਫਾਲਤੂ ਲਫ਼ਾਫੇ, ਕਾਗਜ਼, ਡੱਬੇ ਤੇ ਵਿਅਰਥ ਵਸਤਾਂ ਨੂੰ ਰੱਦੀ ਕਾਗਜ਼ਾਂ ਦੀ ਟੋਕਰੀ 'ਚ ਪਾ ਦਿੱਤਾ। ਕੱਪ-ਬੋਰਡਾਂ ਨੂੰ ਜਿਵੇਂ ਸਾਹ ਆ ਗਿਆ। ਉਸ ਦੀ ਮੰਮੀ ਨੇ ਜਦੋਂ ਵੇਖਿਆ ਤਾਂ ਬੇਟੀ ਦੇ ਗੁਣ-ਗਾਣ ਲੱਗੀ। ਉਸ ਨੇ ਬੋਲੀ ਬਣਾਈ:

***ਉਹ ਘਰ ਵੰਡੇ ਚਾਨਣਾ, ਧੀਆਂ ਜਿੱਥੇ ਹੋਣ ਪੜ੍ਹੀਆਂ।***

ਗਮਲਿਆਂ 'ਚ ਲਾਏ ਫੁੱਲ ਉਸ ਨੂੰ ਬੜੇ ਪਿਆਰੇ ਲਗਦੇ। ਫੁੱਲਾਂ 'ਤੇ ਉਡਦੀਆਂ ਤਿਤਲੀਆਂ ਨੂੰ ਵੇਖ -ਵੇਖ ਖ਼ੁਸ਼ ਹੁੰਦੀ। ਹੁਣ ਉਸ ਨੂੰ ਬਹੁਤ ਨੇੜਿਓਂ

ਫੁੱਲਾਂ ਤੇ ਤਿਤਲੀਆਂ ਵੇਖਣਾ ਚੰਗਾ ਲਗਦਾ। ਸ਼ਾਮੀ ਆਪਣੀ ਮੰਮੀ ਨਾਲ ਫੁੱਲਾਂ ਨੂੰ ਪਾਣੀ ਦੇਂਦੀ। ਬੂਟਿਆਂ ਨੂੰ ਵੀ ਸਾਡੇ ਵਾਂਗ ਤ੍ਰੇਹ ਲਗਦੀ ਹੋਣੀ ਐਂ, ਉਹ ਸੋਚਣ ਲਗਦੀ। ਪੰਛੀ ਉਡਦੇ, ਚੀਂ-ਚੀਂ ਕਰਦੇ। ਉਸ ਨੂੰ ਪਿਆਰੇ ਲਗਦੇ। ਪੰਛੀਆਂ ਨੂੰ ਵੀ ਤ੍ਰੇਹ ਲਗਦੀ ਹੋਣੀ ਐਂ, ਉਸ ਨੂੰ ਖਿਆਲ ਆਉਂਦਾ। ਬਾਹਰ ਗੇਟ ਦੇ ਥਮਲੇ 'ਤੇ ਨਵਕਿਰਨ ਨੇ ਇੱਕ ਠੂਲ੍ਹੇ, ਵਿੱਚ ਪਾਣੀ ਭਰ ਕੇ ਰੱਖ ਦਿੱਤਾ ਤਾਂ ਜੋ ਪੰਛੀ ਪਾਣੀ ਪੀਂਦੇ ਰਹਿਣ। ਦੋ ਗੁਟਾਰਾਂ ਪਾਣੀ ਪੀਣ ਆਈਆਂ ਤੇ ਨਵਕਿਰਨ ਨੇ ਝੱਟ ਉਨ੍ਹਾਂ ਦੀ ਫੋਟੋ ਮੋਬਾਇਲ 'ਚ ਟਿੱਕ ਕਰ ਲਈ। ਇੰਜ ਨਵਕਿਰਨ ਸਾਰਾ ਦਿਨ ਕੰਮਾਂ 'ਚ ਰੁੱਝੀ ਰਹਿੰਦੀ।

ਇੱਕ ਦਿਨ ਨਵਕਿਰਨ ਨੂੰ ਉਸ ਦੀ ਇੰਚਾਰਜ-ਅਧਿਆਪਕਾ ਦਾ ਫੋਨ ਆਇਆ ਕਿ ਸੁੰਦਰ ਲਿਖਾਈ ਕਰਨ ਲਈ ਹਰ ਰੋਜ਼ ਪੰਜਾਬੀ ਦਾ ਇੱਕ ਸਫ਼ਾ ਲਿਖਿਆ ਕਰ। ਉਸ ਨੂੰ ਗੱਲ ਚੰਗੀ ਲੱਗੀ। ਉਹ ਹਰ ਰੋਜ਼ ਆਪਣੀ ਲਿਖਤ ਨੂੰ ਸੁੰਦਰ ਕਰਨ ਲਈ ਇੱਕ ਸਫ਼ਾ ਲਿਖਣ ਲੱਗ ਪਈ। ਪੰਦਰਾਂ ਦਿਨਾਂ ਵਿਚ ਉਸ ਦੀ ਲਿਖਾਈ ਵਿੱਚ ਬਹੁਤ ਸੁਧਾਰ ਹੋ ਗਿਆ। ਉਸ ਨੇ ਸੋਚਿਆ ਕਿ ਮੈਂ ਕਿਉਂ ਨਾ ਆਪਣੇ ਘਰ ਬਾਰੇ ਇੱਕ ਲੇਖ ਲਿਖਾਂ। ਘਰ ਰਹਿਣ ਕਰਕੇ ਉਸ ਦਾ ਅਨੁਭਵ ਨਿੱਜੀ ਹੋ ਗਿਆ। 'ਸਾਡਾ ਘਰ' ਲੇਖ ਏਨਾ ਚੰਗਾ ਲਿਖ ਹੋਇਆ ਕਿ ਉਸ ਦੀ ਮੰਮੀ ਵੀ ਹੈਰਾਨ ਹੋ ਗਈ। ਜਦੋਂ ਲਾਕਡਾਊਨ ਖਤਮ ਹੋਇਆ ਤਾਂ ਉਸ ਦਾ ਲੇਖ 'ਸਾਡਾ ਘਰ' ਉਸ ਦੀ ਇੰਚਾਰਜ ਅਧਿਆਪਕਾ ਨੇ ਸਕੂਲ ਮੈਗਜ਼ੀਨ ਵਿੱਚ ਛਾਪਣ ਲਈ ਚੁਣ ਲਿਆ। ਲੇਖ ਵਿੱਚ ਨਵਕਿਰਨ ਨੇ ਸਾਰਾ ਕੁਝ ਲਿਖ ਦਿੱਤਾ ਸੀ ਜੋ ਉਸ ਨੇ ਲਾਕਡਾਊਨ ਦਿਨਾਂ ਵਿੱਚ ਆਪਣੇ ਸਮੇਂ ਦਾ ਲਾਭ ਉਠਾਦਿਆਂ, ਪੜ੍ਹਾਈ ਦੇ ਨਾਲ-ਨਾਲ ਕੀਤਾ ਸੀ। ਸਾਰਿਆਂ ਨੇ ਲੇਖ ਦੀ ਪ੍ਰਸੰਸਾ ਕੀਤੀ। ਲੇਖ ਦਾ ਇਨਾਮ ਵੀ ਮਿਲਿਆ।

# ਢੰਗੀ ਬਾਂਦਰ, ਸਿਆਣਾ ਬਾਂਦਰ

ਸਕੂਲ ਗਰਮੀ ਦੀਆਂ ਛੁੱਟੀਆਂ ਕਾਰਨ ਬੰਦ ਸਨ। ਬੱਚਿਆਂ ਨੂੰ ਖੇਡਣ ਲਈ ਮੌਜਾਂ ਸਨ। ਜੂਨ ਦਾ ਮਹੀਨਾ ਪੂਰਾ ਤਪ ਰਿਹਾ ਸੀ। ਗਰਮੀ ਵਧ ਰਹੀ ਸੀ।

ਐਤਵਾਰ ਦਾ ਦਿਨ ਸੀ। ਅਮਨਪ੍ਰੀਤ ਤੇ ਉਸ ਦੇ ਸਾਥੀ ਖੇਡਣ ਲਈ ਇੱਕ ਪਾਰਕ ਵਿੱਚ ਇਕੱਠੇ ਹੋ ਗਏ। ਅਮਨਪ੍ਰੀਤ ਅੱਠਵੀਂ 'ਚ ਪੜ੍ਹਦਾ ਸੀ ਤੇ ਉਸ ਦਾ ਆਪਣੇ ਸਾਥੀਆਂ ਨਾਲ ਚੰਗਾ ਪਿਆਰ ਸੀ। ਇਹ ਪਾਰਕ ਉਨ੍ਹਾਂ ਦੇ ਘਰਾਂ ਦੇ ਨੇੜੇ ਹੀ ਪੈਂਦੀ ਸੀ। ਪਾਰਕ ਦੇ ਆਲੇ-ਦੁਆਲੇ ਬਿਰਖ਼ ਲੱਗੇ ਹੋਏ ਸਨ ਤੇ ਕਿਆਰੀਆਂ ਵਿੱਚ ਫੁੱਲ-ਬੂਟੇ ਮਹਿਕਾਂ ਖਿਲਾਰਦੇ ਸਨ। ਬੱਚਿਆਂ ਦੇ ਮਨੋਰੰਜਨ ਲਈ ਝੂਲੇ, ਸਲਿੱਪਰੀਆਂ ਤੇ ਹੋਰ ਜਿੰਮ ਕਰਨ ਲਈ ਵਸੀਲੇ ਲੱਗੇ ਹੋਏ ਸਨ। ਪਾਰਕ ਦੀ ਇਕ ਨੁੱਕਰੇ ਪਾਣੀ ਪੀਣ ਲਈ ਟੂਟੀ ਲੱਗੀ ਹੋਈ ਸੀ ਤੇ ਥੱਲੇ ਫਰਸ਼ ਸੀ। ਪਾਰਕ ਵਿੱਚ ਦੋ-ਤਿੰਨ ਥਾਵਾਂ 'ਤੇ ਕੂੜਾ-ਕਰਕਟ ਸੁੱਟਣ ਲਈ ਢੱਕਣ ਵਾਲੇ ਡਰੰਮ (ਡਸਟਬਿਨ) ਰੱਖੇ ਹੋਏ ਸਨ। ਕਈ ਥਾਵਾਂ 'ਤੇ ਲਿਖਿਆ ਹੋਇਆ ਸੀ: ਇਹ ਤੁਹਾਡੀ ਪਾਰਕ ਹੈ। ਇਸ ਨੂੰ ਸਾਫ਼-ਸੁਥਰਾ ਰੱਖੋ। ਫੁੱਲ ਨਾ ਤੋੜੋ। ਪਾਣੀ ਸੰਜਮ ਨਾਲ ਵਰਤੋ। ਸੁੰਦਰ ਪਾਰਕ ਮਨ ਨੂੰ ਭਾਵੇ।

ਅਮਨਪ੍ਰੀਤ ਤੇ ਉਸ ਦੇ ਸਾਥੀ ਵੱਖੋ-ਵੱਖ ਖੇਡਾਂ ਖੇਡਣ ਲੱਗੇ। ਕੋਈ ਸਲਿਪਰੀ ਦਾ ਮਜ਼ਾ ਲੈਂਦਾ। ਕੋਈ ਝੂਲੇ ਦਾ ਅਨੰਦ ਮਾਣਦਾ। ਕੋਈ ਜਿੰਮ 'ਤੇ ਕਸਰਤ ਕਰਦਾ। ਸਾਰੇ ਆਪਣੀ-ਆਪਣੀ ਖੇਡ ਵਿੱਚ ਮਸਤ ਸਨ। ਉਨ੍ਹਾਂ ਨੂੰ ਖੇਡਦਿਆਂ ਨੂੰ ਦੁਪਹਿਰ ਹੋ ਗਈ। ਅਮਨਪ੍ਰੀਤ ਰੱਸੀ-ਟੱਪਾ ਖੇਡ-ਖੇਡ ਥੱਕ ਗਿਆ। ਉਸ ਦੇ ਸਾਥੀ ਨੇ ਉਸ ਤੋਂ ਰੱਸੀ-ਟੱਪਾ ਲੈ ਕੇ ਟੱਪਣਾ ਸ਼ੁਰੂ ਕਰ ਦਿੱਤਾ। ਖੇਡ-ਖੇਡ ਉਹ ਹਫ ਗਏ। ਦੁਪਹਿਰ ਦਾ ਵੇਲਾ ਹੋ ਗਿਆ। ਉਨ੍ਹਾਂ ਨੂੰ ਘਰਾਂ ਤੋਂ ਆਵਾਜ਼ਾਂ ਵੀ ਆਉਣ ਲੱਗੀਆਂ। ਘਰ ਨੂੰ ਭੱਜਣ ਦੀ ਪੈ ਗਈ। ਹਰ ਕੋਈ ਪਾਣੀ ਪੀਣ ਲਈ ਟੂਟੀ ਵੱਲ ਨੂੰ ਭੱਜਿਆ। ਤ੍ਰੇਹ ਲੱਗਣ ਨਾਲ, ਹਰ ਕੋਈ ਆਪਣੀ ਵਾਰੀ ਲੈਣੀ ਚਾਹੁੰਦਾ ਸੀ। ਠੰਢਾ ਪਾਣੀ ਪੀ-ਪੀ ਹਰ ਕੋਈ ਖ਼ੁਸ਼ ਹੋ ਰਿਹਾ ਸੀ। ਅਮਨਪ੍ਰੀਤ ਤੇ

ਉਸ ਦੇ ਸਾਰੇ ਸਾਥੀ ਪਾਰਕ 'ਚੋਂ ਆਪਣੇ-ਆਪਣੇ ਘਰ ਚਲੇ ਗਏ। ਪਾਰਕ ਸੁੰਨੀ ਹੋ ਗਈ।

ਉਸ ਪਾਰਕ ਦੇ ਨੇੜੇ ਸੜਕ ਪਾਰ ਇੱਕ ਬਾਗ ਸੀ। ਉਸ ਵਿਚ ਕਈ ਜਾਨਵਰ ਵੀ ਆ ਜਾਂਦੇ ਸਨ। ਬਾਗ 'ਚੋਂ ਕਈ ਵਾਰ ਮੋਰਾਂ ਦੀਆਂ ਕੂਕਾਂ ਵੀ ਸੁਣਾਈ ਦੇਂਦੀਆਂ।

ਖਾਣਾ ਖਾਣ ਤੋਂ ਬਾਅਦ ਅਮਨਪ੍ਰੀਤ ਨੂੰ ਯਾਦ ਆਇਆ ਕਿ ਰੱਸੀ ਟੱਪਾ ਤਾਂ ਪਾਰਕ ਵਿਚ ਹੀ ਰਹਿ ਗਿਆ। ਉਹ ਭੱਜਾ-ਭੱਜਾ ਪਾਰਕ 'ਚ ਗਿਆ। ਉਹ ਕੀ ਵੇਖਦਾ ਹੈ ਕਿ ਪਾਣੀ ਦੀ ਟੂਟੀ ਖੁੱਲ੍ਹੀ ਵੱਗ ਰਹੀ ਸੀ। ਕਿਸੇ ਸਾਥੀ ਨੇ ਕਾਹਲੀ 'ਚ ਬੰਦ ਨਹੀਂ ਸੀ ਕੀਤੀ। ਅਮਨਪ੍ਰੀਤ ਅਜੇ ਦੂਰ ਹੀ ਸੀ ਕਿ ਅਚਾਨਕ ਇੱਕ ਬਾਂਦਰ ਛਾਲਾਂ ਮਾਰਦਾ ਟੂਟੀ 'ਚੋਂ ਪਾਣੀ-ਪੀਣ ਲੱਗ ਪਿਆ। ਅਮਨਪ੍ਰੀਤ ਡਰਦਾ ਪਿੱਛੇ ਹੀ ਲੁਕ ਕੇ ਬਾਂਦਰ ਨੂੰ ਵੇਖਦਾ ਰਿਹਾ। ਬਾਂਦਰ ਨੂੰ ਤ੍ਰੇਹ ਲੱਗੀ ਹੋਣ ਕਾਰਨ, ਪਾਣੀ ਮਸਾਂ ਹੀ ਮਿਲਿਆ। ਬਾਗ 'ਚੋਂ ਪਾਣੀ ਦੀ ਭਾਲ ਕਰਦਾ-ਕਰਦਾ, ਪਾਰਕ 'ਚ ਆ ਪਹੁੰਚਿਆ। ਬਾਂਦਰ ਨੇ ਪਾਣੀ-ਪੀਤਾ, ਆਪਣਾ ਮੂੰਹ ਧੋਇਆ ਤੇ ਟੂਟੀ ਬੰਦ ਕਰ ਕੇ ਛਾਲਾਂ ਮਾਰਦਾ, ਔਹ ਗਿਆ, ਔਹ ਗਿਆ।

ਅਮਨਪ੍ਰੀਤ ਨੂੰ ਜਿਵੇਂ ਸੁੱਖ ਦਾ ਸਾਹ ਆਇਆ। ਉਸ ਨੇ ਪਾਰਕ 'ਚੋਂ ਆਪਣਾ ਰੱਸੀ-ਟੱਪਾ ਸਾਂਭਿਆ। ਉਹ ਹੈਰਾਨ ਹੋ ਰਿਹਾ ਸੀ ਕਿ ਤ੍ਰਿਹਾਏ ਕਾਂ ਦੀ ਕਹਾਣੀ ਤਾਂ ਪੜ੍ਹੀ ਸੀ ਪਰ ਅੱਜ ਬਾਂਦਰ ਦੀ ਸਿਆਣਪ ਤਾਂ ਅੱਖੀਂ ਵੇਖ ਲਈ। ਪਾਣੀ ਦੀ ਸੰਭਾਲ ਲਈ ਤਾਂ ਬਾਂਦਰ ਵੀ ਸਿਆਣਾ ਹੋ ਗਿਆ। ਅਮਨਪ੍ਰੀਤ ਦੇ ਮੂੰਹੋਂ ਨਿਕਲਿਆ: ਢੰਗੀ ਬਾਂਦਰ, ਸਿਆਣਾ ਬਾਂਦਰ।

# ਸ਼ੁੱਧ ਪਾਣੀ ਦੀ ਭਾਲ

ਪਿੰਡ ਤੋਂ ਦੋ ਕਿਲੋਮੀਟਰ ਦੂਰ ਇੱਕ ਸੰਘਣਾ ਬਾਗ਼ ਸੀ। ਕਹਿੰਦੇ ਨੇ ਇਹ ਬਾਗ਼ ਬਾਬਾ ਬੁੱਧ ਸਿੰਘ ਨੇ ਚਾਲੀ-ਪੰਜਾਹ ਸਾਲ ਪਹਿਲਾਂ ਲਗਵਾਇਆ ਸੀ।

ਬਾਗ਼ ਵਿੱਚ ਅੰਬਾਂ ਦੇ ਰੁੱਖ ਅਣਗਿਣਤ ਸਨ। ਬਾਗ਼ ਦੇ ਆਲ਼ੇ-ਦੁਆਲ਼ੇ ਜਾਮਣਾਂ ਦੇ ਰੁੱਖ ਲਗਵਾਏ ਹੋਏ ਸਨ। ਇਸਨੂੰ 'ਅੰਬਾਂ ਵਾਲਾ ਬਾਗ' ਨਾਂ ਨਾਲ ਪਿੰਡ ਦੇ ਬੱਚੇ ਯਾਦ ਕਰਦੇ ਸਨ। ਬਜ਼ੁਰਗ ਲੋਕ 'ਬਾਬਾ ਬੁੱਧ ਸੈਂ' ਦਾ ਬਾਗ਼ ਬੋਲਦੇ ਸਨ। ਇਹ ਬਾਗ਼ ਪਿੰਡ ਦੀ ਪੱਛਮ ਦਿਸ਼ਾ ਵੱਲ ਸਥਿਤ ਸੀ। ਇਸ ਬਾਗ਼ ਦੇ ਨੇੜੇ ਹੀ ਢੱਕਾਂ ਦੀ ਝਿੜੀ ਸੀ। ਦੋਵਾਂ ਵਿਚਕਾਰ ਉੱਪਰੋਂ ਪਾਣੀ ਦਾ ਇੱਕ ਚੋਅ ਵਹਿੰਦਾ ਸੀ। ਚੋਅ ਦੇ ਉਤਰ ਵਿੱਚ ਕੁੱਝ ਵਿੱਥ 'ਤੇ ਕਈ ਫੈਕਟਰੀਆਂ ਲੱਗੀਆਂ ਹੋਈਆਂ ਸਨ।

ਬਾਗ਼ ਪੁਰਾਣਾ ਹੋਣ ਕਾਰਨ, ਪੰਛੀਆਂ ਦਾ ਬਸੇਰਾ ਬਣਿਆ ਹੋਇਆ ਸੀ। ਪੰਛੀਆਂ ਨੇ ਆਪਣੇ ਆਲ੍ਹਣੇ ਬਣਾਏ ਹੋਏ ਸਨ। ਪੰਛੀਆਂ ਦੀਆਂ ਸੁਰੀਲੀਆਂ ਆਵਾਜ਼ਾਂ ਰਾਹੀਆਂ ਨੂੰ ਮੋਹਿਤ ਕਰ ਦਿੰਦੀਆਂ ਸਨ।

"ਕੁਦਰਤ ਦੇ ਜਾਇਆਂ ਦਾ ਤਾਂ ਇਹੋ ਘਰ ਹੈ, ਬਾਗ਼। ਭਲਾ ਹੋਵੇ, ਉਸ ਦਾਨੀ ਬਾਬਾ ਬੁੱਧ ਸੈਂ ਦਾ ਜਿਸ ਨੇ ਪੁੱਤਾਂ ਵਾਂਗੂੰ ਇਸ ਬਾਗ਼ ਨੂੰ ਪਾਲਿਆ", ਕੋਲੋਂ ਲੰਘਦੇ ਕਈ ਸਿਆਣੇ ਆਖਦੇ।

ਉਸ ਪਿੰਡ ਦੇ ਆਲ਼ੇ-ਦੁਆਲ਼ੇ ਦੇ ਪਿੰਡਾਂ ਵਿੱਚ ਇਹ ਖ਼ਬਰ ਫੈਲ ਗਈ ਕਿ ਕੁੱਝ ਪੰਛੀ ਪਤਾ ਨਹੀਂ ਕਿਉਂ ਮਰਨ ਲੱਗ ਪਏ ਹਨ। ਬਾਗ਼ ਵਿਚ ਮੋਰ, ਕਾਂ, ਕਬੂਤਰ, ਇੱਲਾਂ, ਘੁੱਗੀਆਂ, ਗੁਟਾਰਾਂ, ਤੋਤੇ ਬਗਲੇ ਤੇ ਕਈ ਹੋਰ ਪੰਛੀਆਂ ਨੇ ਆਲ੍ਹਣੇ ਬਣਾਏ ਹੋਏ ਸਨ।

ਪੰਛੀ ਆਲ਼ੇ-ਦੁਆਲ਼ੇ ਦੇ ਖੇਤਾਂ 'ਚੋਂ ਚੋਗ਼ਾ ਚੁਗਦੇ ਰਹਿੰਦੇ। ਕੁੱਝ ਪੰਛੀ ਦੂਰ ਚੋਗ਼ੇ ਦੀ ਭਾਲ ਵਿਚ ਉੱਡ ਜਾਂਦੇ ਤੇ ਆਥਣ ਨੂੰ ਆਪਣੇ ਆਲ੍ਹਣਿਆਂ 'ਚ ਪਰਤ ਆਉਂਦੇ।

ਕੁੱਝ ਪੰਛੀਆਂ ਦੇ ਮਰਨ ਨਾਲ ਪੰਛੀਆਂ ਨੂੰ ਵੀ ਚਿੰਤਾ ਹੋ ਗਈ। ਅਸਲ ਵਿੱਚ ਨੇੜੇ ਵਗਦੇ ਚੋਅ ਦਾ ਪਾਣੀ ਸ਼ੁੱਧ ਨਹੀਂ ਸੀ ਰਿਹਾ। ਫ਼ੈਕਟਰੀਆਂ ਵਾਲਿਆਂ ਨੇ ਫੈਕਟਰੀ ਦੀ ਰਹਿੰਦ-ਖੂਹੰਦ ਤੇ ਜ਼ਹਿਰੀਲੇ ਪਦਾਰਥ ਚੋਅ ਦੇ ਪਾਣੀ ਵਿਚ ਪਾਉਣੇ ਸ਼ੁਰੂ ਕਰ ਦਿੱਤੇ ਸਨ। ਚੋਅ ਦਾ ਪਾਣੀ ਪੀਣ ਯੋਗ ਨਹੀਂ ਸੀ ਰਿਹਾ, ਪਾਣੀ ਜ਼ਹਿਰੀਲਾ ਬਣ ਗਿਆ। ਜਿਸ ਪੰਛੀ ਨੇ ਕਿਤੇ ਇਹ ਪਾਣੀ ਪੀ ਲਿਤਾ, ਉਸ 'ਤੇ ਉਸ ਦਾ ਮਾਰੂ ਅਸਰ ਹੋਣਾ ਹੀ ਸੀ। ਜਾਨਵਰਾਂ ਲਈ ਵੀ ਇਹ ਘਾਤਕ ਸੀ। ਬੰਦਿਆਂ ਨੂੰ ਚਮੜੀ ਰੋਗ ਹੋਣ ਦਾ ਡਰ ਸੀ।

ਕਬੂਤਰਾਂ ਚੋਂ ਇੱਕ ਸਿਆਣੇ ਕਬੂਤਰ ਨੂੰ ਇਸ ਗਲ ਦੀ ਸਮਝ ਪੈ ਗਈ। ਉਸ ਨੇ ਪੰਛੀਆਂ ਨੂੰ ਚੋਅ 'ਚੋਂ ਪਾਣੀ ਪੀਣ ਲਈ ਮਨ੍ਹਾ ਕਰ ਦਿੱਤਾ ਤਾਂ ਜੋ ਹੋਰ ਕੋਈ ਪੰਛੀ ਨਾ ਮਰੇ।

ਹੁਣ ਮੁਸ਼ਕਿਲ ਇਹ ਸੀ ਕਿ ਪਾਣੀ ਪੀਣ ਕਿੱਥੇ ਜਾਇਆ ਜਾਵੇ। ਗਰਮੀ ਦੇ ਦਿਨ ਆ ਗਏ ਸਨ। ਤ੍ਰੇਹ ਬੁਝਾਉਣ ਲਈ ਪਾਣੀ ਦੀ ਭਾਲ ਹੋਰ ਵੀ ਜ਼ਰੂਰੀ ਹੋ ਗਈ। ਪੰਛੀ ਵਿਆਕੁਲ ਸਨ। ਕਰਨ ਤਾਂ ਕੀ ਕਰਨ। ਵਰਖਾ ਦੀ ਰੁੱਤ ਵੀ ਅਜੇ ਦੂਰ ਸੀ।

ਸਿਆਣੇ ਕਬੂਤਰ ਨੇ ਆਪਣੀ ਜਿੰਮੇਵਾਰੀ ਸਮਝੀ। ਉਹ ਸਵੇਰ ਤੋਂ ਸ਼ੁੱਧ ਪਾਣੀ ਦੀ ਭਾਲ ਵਿੱਚ ਉੱਡਦਾ ਰਿਹਾ । ਇੱਧਰ-ਉੱਧਰ, ਦੂਰ-ਨੇੜੇ ਪਾਣੀ ਦੀ ਭਾਲ ਕਰਦਾ ਰਿਹਾ। ਉਸ ਨੇ ਹੌਂਸਲਾ ਰਖਿਆ। ਹਿੰਮਤ ਨਾ ਹਾਰੀ। ਆਖਰ ਉਸ ਨੂ ਇਕ ਧਰਮ-ਅਸਥਾਨ ਦੇ ਗੁੰਬਦ ਨਜ਼ਰੀਂ ਪਏ। ਉਸ ਅਸਥਾਨ ਦੇ ਇੱਕ ਪਾਸੇ ਇੱਕ ਸਰੋਵਰ ਸੀ। ਸਰੋਵਰ ਨਿਰਮਲ ਪਾਣੀ ਵਾਲਾ ਸੀ। ਲਹਿ-ਲਹਿ ਕਰਦੇ ਪਾਣੀ ਨੂੰ ਵੇਖ ਕੇ, ਉਸ ਦੀ ਚੁੰਝ 'ਚ ਪਾਣੀ ਭਰ ਆਇਆ। ਪੋਲੇ ਜਿਹੇ ਬੈਠ ਕੇ ਕੰਢੇ 'ਤੇ ਉਸ ਨੇ ਆਪਣੀ ਤ੍ਰੇਹ ਬੁਝਾਈ। ਥਕਾਵਟ ਜਾਂਦੀ ਰਹੀ।

ਸ਼ਰਧਾਲੂਆਂ ਨੇ ਸਰੋਵਰ ਦੀ ਇੱਕ ਨੁੱਕਰੇ ਪੰਛੀਆਂ ਦੇ ਚੋਗੇ ਲਈ ਕਈ ਤਰ੍ਹਾਂ ਦੇ ਦਾਣੇ ਵੀ ਖਿਲਾਰੇ ਹੋਏ ਸਨ। ਠੁੰਗਾਂ ਮਾਰ ਸਿਆਣੇ ਕਬੂਤਰ ਨੇ ਦਾਣੇ ਚੁੱਗ ਕੇ ਭੁੱਖ ਵੀ ਮਿਟਾਈ।

ਉੱਥੋਂ ਉਡਾਰੀਆਂ ਮਾਰਦਾ, ਸਿਆਣਾ ਕਬੂਤਰ ਆਪਣੇ ਸਾਥੀਆਂ ਨੂੰ ਖ਼ੁਸ਼ੀ ਦੀ ਖ਼ਬਰ ਦੇਣ ਲਈ ਪਹੁੰਚ ਗਿਆ। ਪੰਛੀ ਉਸ ਦੀ ਉਡੀਕ ਕਰ ਰਹੇ ਸਨ।

ਉਸ ਨੇ ਆਪਣੇ ਸਾਥੀਆਂ ਨੂੰ ਉਸ ਸਰੋਵਰ ਬਾਰੇ ਸਾਰਾ ਕੁੱਝ ਦੱਸ ਦਿੱਤਾ। ਸਾਰੇ ਉਸ ਦੀ ਭਾਲ ਤੋਂ ਖੁਸ਼ ਹੋ ਰਹੇ ਸਨ। ਪਾਣੀ ਪੀਣ ਦੀ ਸਮੱਸਿਆ ਦੂਰ ਹੋ ਗਈ। ਹੁਣ ਬਾਗ਼ ਦੇ ਪੰਛੀ ਉਸ ਸਰੋਵਰ ਵੱਲ ਉਡਾਰੀਆਂ ਭਰਦੇ। ਪਾਣੀ ਪੀਂਦੇ, ਚੋਗਾ ਚੁੱਗਦੇ ਤੇ ਆਪਣੇ ਘਰਾਂ ਨੂੰ ਮੁੜ ਆਉਂਦੇ

ਪੰਛੀਆਂ ਦੇ ਇੰਞ ਅਚਾਨਕ ਮਰਨ ਦੀ ਖ਼ਬਰ ਨਾਲ਼ ਪਿੰਡ ਦੇ ਲੋਕ ਵੀ ਹੈਰਾਨ ਹੋ ਰਹੇ ਸਨ। ਆਖ਼ਰ ਇਹ ਗਲ ਪਤਾ ਕਰਨ ਤੋਂ ਸਾਹਮਣੇ ਆ ਗਈ ਕਿ ਫ਼ੈਕਟਰੀਆਂ ਦਾ ਜ਼ਹਿਰੀਲਾਪਣ ਚੋਏ 'ਚ ਸੁੱਟਣ ਤੋਂ ਰੋਕਿਆ ਜਾਵੇ। ਪਿੰਡ ਦੀ ਪੰਚਾਇਤ ਨੇ ਇਸ ਚੋਅ ਨੂੰ ਸ਼ੁੱਧ ਰੱਖਣ ਲਈ ਮਤਾ ਪਾਸ ਕੀਤਾ। ਆਖ਼ਰ ਆਪਣੇ ਹਲਕੇ ਦੇ ਡਿਪਟੀ ਕਮਿਸ਼ਨਰ ਕੋਲ਼ ਜਾ ਕੇ ਲਿਖਤੀ ਅਰਜ਼ੀ ਦਿੱਤੀ। ਝੱਟ ਸਬੰਧਤ ਪ੍ਰਦੂਸ਼ਣ ਕੰਟਰੋਲ ਵਿਭਾਗ ਕੋਲ਼ ਮਸਲਾ ਪੁੱਜ ਗਿਆ ਤੇ ਇਸ ਸਮੱਸਿਆ ਦੇ ਹੱਲ ਕਰਨ ਲਈ ਕਾਨੂੰਨੀ ਕਾਰਵਾਈ ਕੀਤੀ ਗਈ। ਫੈਕਟਰੀ ਮਾਲਕਾਂ ਦੇ ਇਸ ਅਣਗਹਿਲੀ ਨੂੰ ਰੋਕ ਦਿੱਤਾ ਗਿਆ।

ਚੋਅ ਦੇ ਪਾਣੀ ਨੂੰ ਸ਼ੁੱਧ ਤੇ ਸਵੱਛ ਹੋਣ ਲਈ ਕਾਫ਼ੀ ਸਮਾਂ ਲੱਗਿਆ, ਪਰ ਕਬੂਤਰ ਅਜੇ ਵੀ ਉਸ ਸਰੋਵਰ ਤੋਂ ਹੀ ਪਾਣੀ ਪੀਂਦੇ, ਜਿਵੇਂ ਉਹਨਾਂ ਨੂੰ ਉਸ ਸਰੋਵਰ ਨਾਲ ਮੋਹ ਹੋ ਗਿਆ ਹੋਵੇ।

# ਅੱਥਰੂਆਂ ਵਾਲੇ ਗੁਲਾਬ

ਐਤਵਾਰ ਦਾ ਦਿਨ ਸੀ। ਕਰਨ ਅੱਜ ਘਰ ਹੀ ਸੀ। ਉਸ ਦੇ ਮਾਤਾ-ਪਿਤਾ ਵੀ ਛੁੱਟੀ ਕਾਰਨ ਘਰ ਦੇ ਕੰਮਾਂ ਵਿੱਚ ਰੁੱਝੇ ਹੋਏ ਸਨ। ਕਰਨ ਵੀ ਆਪਣੀ ਪੜ੍ਹਾਈ ਕਰ ਰਿਹਾ ਸੀ। ਉਹ ਅੱਠਵੀਂ ਸ਼੍ਰੇਣੀ ਦਾ ਵਿਦਿਆਰਥੀ ਸੀ।

ਕਈ ਦਿਨਾਂ ਤੋਂ ਸ਼ਹਿਰ ਵਿਚ ਨਗਰ-ਨਿਗਮ ਦੇ ਮੇਅਰ ਵੱਲੋਂ ਸ਼ਹਿਰ ਨੂੰ ਸੁੰਦਰੀਕਰਨ ਦੇ ਉਪਰਾਲੇ ਸ਼ੁਰੂ ਕੀਤੇ ਹੋਏ ਸਨ। ਸ਼ਹਿਰ ਦੀ ਸਫ਼ਾਈ ਕਰਨ, ਕਾਮੇ ਲੱਗੇ ਹੋਏ ਸਨ।

ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਨੇ ਆਪਣੇ ਘਰਾਂ ਦੇ ਅੱਗੇ ਫਾਲਤੂ ਸਮਾਨ ਰੱਖਿਆ ਹੋਇਆ ਸੀ। ਆਵਾਜਾਈ ਵਿੱਚ ਔਕੜਾਂ ਆਉਂਦੀਆਂ ਸਨ। ਕਈਆਂ ਦੇ ਡਿੱਗਣ ਕਾਰਨ ਸੱਟਾਂ ਵੀ ਲੱਗੀਆਂ ਸਨ। ਬਜ਼ੁਰਗਾਂ ਨੂੰ ਤਾਂ ਹੋਰ ਮੁਸ਼ਕਲ ਆਉਂਦੀ। ਸਾਈਕਲੀਆਂ ਚਲਾਉਂਦੇ ਬੱਚੇ ਆਪਸ ਵਿਚ ਝਗੜ ਪੈਂਦੇ।

ਨਗਰ ਨਿਗਮ ਨੇ ਮਤਾ ਪਾਸ ਕਰਕੇ, ਘਰਾਂ ਦੇ ਅੱਗੇ ਦੀਵਾਰਾਂ ਦੇ ਨਾਲ-ਨਾਲ ਸੀਮਿੰਟ ਦੀਆਂ ਇੱਟਾਂ (ਇੰਟਰ ਬਲਾਕਸ) ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਕਈ ਮਹੱਲਿਆਂ ਵਿਚ ਇਹ ਕੰਮ ਸ਼ੁਰੂ ਹੋ ਗਿਆ ਸੀ। ਇਸ ਕੰਮ ਵਿੱਚ ਕਈ ਮੁਸ਼ਕਲਾਂ ਵੀ ਆਈਆਂ। ਕਈ ਬਿਜਲੀ ਦੇ ਖੰਭੇ ਅੜਿੱਕਾ ਲਾਉਂਦੇ ਸਨ। ਕਈ ਲੋਕਾਂ ਨੇ ਫਾਲਤੂ ਜੰਗਲੇ ਬਣਾਏ ਹੋਏ ਸਨ। ਕਈਆਂ ਨੇ ਆਲੇ-ਦੁਆਲੇ ਕਬਾੜ ਸੁੱਟਿਆ ਹੋਇਆ ਸੀ। ਨਗਰ-ਨਿਗਮ ਅਧਿਕਾਰੀ ਇਹ ਸੂਚਨਾ ਵੀ ਦੇਂਦੇ ਸਨ ਕਿ ਆਪਣੀ ਆਪਣੀ ਥਾਂ ਤੋਂ ਬਿਨਾਂ, ਗ਼ੈਰ-ਅਧਿਕਾਰੀ ਥਾਂ 'ਤੇ ਮਾਲਕ ਮਕਾਨਾਂ ਦਾ ਹੱਕ ਨਹੀਂ। ਕਾਨੂੰਨ ਸਭ ਲਈ ਸਾਂਝਾ ਹੁੰਦਾ ਹੈ। ਕਾਨੂੰਨ ਦੀ ਪਾਲਣਾ ਕਰਨਾ, ਹਰ ਇਕ ਨਾਗਰਿਕ ਦਾ ਫ਼ਰਜ਼ ਹੈ।

ਹੁਣ ਪੀਲੇ ਪੰਜੇ ਵਾਲੀ ਮਸ਼ੀਨ ਕਰਨ ਦੀ ਗਲੀ ਵਿਚ ਆ ਗਈ ਸੀ। ਟਰੈਕਟਰ-ਟਰਾਲੀ 'ਚ ਪੰਜੇ ਵਾਲੀ ਮਸ਼ੀਨ ਕਾਮਿਆਂ ਨਾਲ ਫਾਲਤੂ ਸਮਾਨ ਚੁੱਕ-ਚੁੱਕ ਕੇ ਲੱਦ ਰਹੀ ਸੀ। ਲੋਕ ਸਭ ਕੁਝ ਵੇਖ ਰਹੇ ਸਨ। ਦੀਵਾਰਾਂ ਤੋਂ ਬਾਹਰ

ਲਾਏ ਜੰਗਲੇ ਤੋੜੇ ਜਾ ਰਹੇ ਸਨ। ਟੁੱਟੀਆਂ ਵਸਤਾਂ ਤੇ ਕਬਾੜ ਹੂੰਝਿਆ ਜਾ ਰਿਹਾ ਸੀ। ਮਹਿਕਮੇ ਦੇ ਅਧਿਕਾਰੀ ਆਪਣੀ ਜ਼ਿੰਮੇਵਾਰੀ ਨਿਭਾਅ ਰਹੇ ਸਨ। ਦੀਵਾਰਾਂ ਤੋਂ ਬਾਹਰ ਬਣਾਈਆਂ ਕਿਆਰੀਆਂ 'ਚੋਂ ਫੁੱਲ-ਬੂਟੇ ਵੀ ਸਾਫ਼ ਕਰੇ ਜਾ ਰਹੇ ਸਨ। ਸਫ਼ਾਈ ਕਰਨ ਤੋਂ ਬਾਅਦ ਇੱਟਾਂ ਲਾਉਣ ਦਾ ਕੰਮ ਸ਼ੁਰੂ ਹੋਣਾ ਸੀ। ਇਸ ਤਰ੍ਹਾਂ ਨਾਲ ਗਲੀ ਦਾ ਰਸਤਾ ਖੁੱਲ੍ਹ ਜਾਣਾ ਸੀ ਤੇ ਆਵਾਜਾਈ ਸੌਖੀ ਹੋ ਜਾਣੀ ਸੀ। ਕਿਤੇ-ਕਿਤੇ ਅਧਿਕਾਰੀਆਂ ਨੂੰ ਸਖ਼ਤੀ ਵੀ ਕਰਨੀ ਪਈ।

ਕਰਨ ਦੇ ਘਰ ਅੱਗੇ ਵੀ ਇੱਕ ਕਿਆਰੀ ਵਿੱਚ ਉਸ ਦੇ ਪਿਤਾ ਨੇ ਗੁਲਾਬ ਦਾ ਬੂਟਾ ਕਈ ਸਾਲਾਂ ਤੋਂ ਲਾਇਆ ਹੋਇਆ ਸੀ ਤੇ ਹੁਣ ਇਹ ਵੱਡਾ ਹੋ ਗਿਆ ਸੀ। ਫਰਵਰੀ ਦਾ ਮਹੀਨਾ ਹੋਣ ਕਾਰਨ, ਉਸ ਨੂੰ ਉਨਾਭੀ ਰੰਗ ਦੇ ਗੁਲਾਬ ਖਿੜੇ ਹੋਏ ਸਨ। ਕਰਨ ਉਸ ਨੂੰ ਪਾਣੀ ਪਾਉਂਦਾ ਤੇ ਗੋਡੀ ਵੀ ਕਰਿਆ ਕਰਦਾ ਸੀ। ਉਸ ਦੇ ਪਿਤਾ ਸਮੇਂ -ਸਮੇਂ ਦੇਸੀ ਰੂੜੀ (ਖਾਦ) ਵੀ ਪਾਉਂਦੇ ਹੁੰਦੇ ਸਨ। ਹੁਣ ਇਹ ਪੌਦਾ ਵੱਡਾ ਬੂਟਾ ਬਣ ਗਿਆ ਸੀ ਜਿਸ ਦੀ ਚੱਕਲੀ ਉਤਾਰ ਕੇ ਕਿਸੇ ਗਮਲੇ ਜਾਂ ਹੋਰ ਥਾਂ ਨਹੀਂ ਸੀ ਲਾਇਆ ਜਾ ਸਕਦਾ। ਕਰਨ ਤੇ ਉਸ ਦੇ ਪਿਤਾ ਨੂੰ ਕੁਝ ਸਮਝ ਨਹੀਂ ਸੀ ਆ ਰਹੀ।

ਗੁਲਾਬ ਦਾ ਬੂਟਾ ਤਾਂ ਆਖਰ ਨੂੰ ਪੁੱਟਣਾ ਹੀ ਪੈਣਾ ਹੈ। ਪੰਜਾ-ਮਸ਼ੀਨ ਉਨ੍ਹਾਂ ਦੇ ਘਰ ਅੱਗੇ ਆ ਖਲੋਤੀ। ਕਰਨ ਉਦਾਸ ਹੋਈਂ ਖੜ੍ਹਿਆ ਸੀ। ਮਸ਼ੀਨ ਨੇ ਤਾਂ ਆਖਰ ਕਾਰਵਾਈ ਕਰਨੀ ਹੀ ਸੀ। ਕਰਨ ਨਜ਼ਰਾਂ ਭਰ-ਭਰ ਕੇ ਖਿੜੇ ਗੁਲਾਬ ਦੇ ਫੁੱਲਾਂ ਨੂੰ ਤੱਕ ਰਿਹਾ ਸੀ। ਉਸ ਦੇ ਪਿਤਾ ਨੂੰ ਪਤਾ ਸੀ ਕਿ ਕਰਨ ਉਸ ਗੁਲਾਬ ਦੇ ਬੂਟੇ ਨੂੰ ਬਹੁਤ ਮੋਹ ਕਰਦਾ ਸੀ। ਉਸ ਨੇ ਖਿੜੇ ਫੁੱਲਾਂ ਦੀ ਫੋਟੋ ਮੋਬਾਇਲ ਵਿੱਚ ਸਾਂਭ ਲਈ। "ਕੋਈ ਨਾ ਬੇਟਾ, ਹੌਂਸਲਾ ਰੱਖ, ਇਸ ਦਾ ਸਬੰਧ ਸਾਡੀ ਨਾਲ ਏਨਾ ਹੀ ਸੀ। ਕਾਨੂੰਨ ਤਾਂ ਸਾਰਿਆਂ ਲਈ ਹੁੰਦਾ ਹੈ। ਆਪਾਂ ਗਮਲਿਆਂ 'ਚ ਹੋਰ ਫੁੱਲ ਲਾ ਲਵਾਂਗੇ", ਕਰਨ ਦੇ ਪਿਤਾ ਨੇ ਉਸਨੂੰ ਧੀਰਜ ਦੇਂਦਿਆਂ ਕਿਹਾ।

ਕਰਨ ਭਾਵੁਕ ਹੋ ਗਿਆ, ਫੁੱਲਾਂ ਨੂੰ ਆਪਣੇ ਚੁੰਮਣ ਦੇਣ ਲਈ। ਆਖਰ ਉਸ ਦੇ ਅੱਥਰੂ ਫੁੱਲਾਂ 'ਤੇ ਡੁੱਲ੍ਹ ਪਏ। ਲੋਕ ਵੀ ਕਰਨ ਦੀ ਫੁੱਲਾਂ ਨਾਲ ਮੁਹੱਬਤ 'ਤੇ ਹੈਰਾਨ ਹੋ ਰਹੇ ਸਨ। ਪੰਜਾ-ਮਸ਼ੀਨ ਨੇ ਗਲਾਬ ਦੇ ਬੂਟੇ ਨੂੰ ਉਖੇੜ ਕੇ ਟਰਾਲੀ 'ਤੇ ਲੱਦ ਦਿੱਤਾ ਸੀ। ਕਿਆਰੀ ਖਾਲੀ ਹੋ ਗਈ ਸੀ। ਕਰਨ ਨੂੰ ਇਉਂ ਲੱਗਿਆ ਜਿਵੇਂ ਅੱਥਰੂਆਂ ਵਾਲੇ ਗੁਲਾਬ ਉਸ ਨੂੰ ਅਲਵਿਦਾ ਕਹਿ ਰਹੇ ਹੋਣ।

# ਬੱਚੇ ਦੀ ਸਿਆਣਪ

ਗੱਲ ਪੁਰਾਣੇ ਸਮਿਆਂ ਦੀ ਹੈ ਜਦੋਂ ਰਾਜਿਆਂ-ਮਹਾਰਾਜਿਆਂ ਦਾ ਰਾਜ ਹੁੰਦਾ ਸੀ। ਵੱਡੀ ਸਲੱਤਨਤ ਵਾਲੇ ਬਾਦਸ਼ਾਹ ਅਖਵਾਉਂਦੇ ਸਨ। ਉਨ੍ਹਾਂ ਦੇ ਕਿਲ੍ਹੇ ਉਸਾਰੇ ਹੁੰਦੇ ਸਨ। ਧੰਨ-ਦੌਲਤ ਬਹੁਤ ਹੁੰਦਾ ਸੀ ਜੋ ਉਨ੍ਹਾਂ ਨੇ ਪਰਜਾ ਤੋਂ ਵਸੂਲਿਆ ਹੁੰਦਾ ਸੀ। ਉਨ੍ਹਾਂ ਦੀ ਮੰਨ-ਮਾਨੀ ਨਾਲ ਹਕੂਮਤ ਚਲਦੀ ਸੀ। ਬਾਦਸ਼ਾਹ ਦਾ ਹੁਕਮ ਹੀ ਕਾਨੂੰਨ ਹੁੰਦਾ ਸੀ। ਬਾਦਸ਼ਾਹ ਦੇ ਦਰਬਾਰ ਵਿੱਚ ਵਜ਼ੀਰ, ਅਹਿਲਕਾਰ, ਸੇਵਾਦਾਰ ਤੇ ਨੌਕਰ ਹੁਕਮਾਂ ਦੀ ਪਾਲਣਾ ਕਰਨ ਲਈ ਤੱਤਪੁਰ ਰਹਿੰਦੇ ਸਨ। ਸਜ਼ਾ ਦੇਣੀ, ਦੰਡ ਲਾਉਣਾ, ਤਸੀਹੇ ਦੇਣੇ, ਮੁਆਫ਼ ਕਰਨਾ, ਇਨਾਮ ਦੇਣਾ, ਕਿਸੇ ਕਾਨੂੰਨ ਤੋਂ ਛੋਟ ਦੇਣੀ, ਬਾਦਸ਼ਾਹ ਦੇ ਹੱਥ ਹੁੰਦਾ ਸੀ। ਕਈ ਬਾਦਸ਼ਾਹ ਜ਼ਾਲਮ ਤੇ ਨਿਰਦਈ ਹੁੰਦੇ ਸਨ ਪਰੰਤੂ ਕਈ ਬਾਦਸ਼ਾਹ ਪਰਜਾ ਪਾਲਕ ਤੇ ਦਿਆਨਤਦਾਰ, ਰਹਿਮ-ਦਿਲ ਵੀ ਹੁੰਦੇ ਸਨ।

ਗੱਲ ਫਰਾਂਸ ਮੁਲਕ ਦੇ ਬਾਦਸ਼ਾਹ ਦੀ ਹੈ। ਖਾੜੀ ਫਾਰਸ ਕਰਕੇ ਵੀ ਪੱਛਮ ਦਾ ਇਹ ਮੁਲਕ ਜਾਣਿਆ ਜਾਂਦਾ ਸੀ। ਬਾਦਸ਼ਾਹ ਫਾਰਸ ਬਹੁਤ ਅਮੀਰ ਸੀ। ਉਸ ਦੇ ਖ਼ਾਜ਼ਾਨੇ ਵਿੱਚ ਕੀਮਤੀ ਹੀਰੇ ਜਵਾਹਾਰਾਤ, ਸੋਨਾ-ਚਾਂਦੀ ਤੇ ਹੋਰ ਵਡਮੁੱਲੀਆਂ ਵਸਤਾਂ ਸਨ। ਬਾਦਸ਼ਾਹ ਕੋਲ ਇੱਕ ਅਮੁੱਲੇ ਨਗ ਵਾਲੀ ਮੁੰਦਰੀ ਸੀ। ਉਸ ਨੂੰ ਮੁੰਦਰੀਆਂ ਪਹਿਨਣ ਦਾ ਵੀ ਸ਼ੌਕ ਸੀ।

ਇੱਕ ਦਿਨ ਬਾਦਸ਼ਾਹ ਆਪਣੇ ਸਾਥੀਆਂ ਨਾਲ ਵਿਹਲਾ ਸਮਾਂ ਗੁਜ਼ਾਰਨ ਲਈ ਈਦਗਾਹ ਵੱਲ ਗਿਆ। ਭਜਨ ਬੰਦਗੀ ਕਰਨ ਪਿੱਛੋਂ ਉਸ ਨੂੰ ਇੱਕ ਫੁਰਨਾ ਫੁਰਿਆ, ਲਿਸ਼ਕਦੀ ਮੁੰਦਰੀ ਦਾ ਖ਼ਿਆਲ ਆਇਆ। ਉਸ ਦੇ ਨਾਲ ਲਗਪਗ 300 ਤੀਰ ਅੰਦਾਜ਼ ਵੀ ਸਨ। ਉਹ ਉਨ੍ਹਾਂ ਦੇ ਨਿਸ਼ਾਨੇ ਲਾਉਣ ਦੀ ਪਰਖ ਕਰਨਾ ਚਾਹੁੰਦਾ ਸੀ। ਬਾਦਸ਼ਾਹ ਨੇ ਹੁਕਮ ਦਿਤਾ ਕਿ ਈਦਗਾਹ ਦੇ ਗੁੰਬਦ ਤੇ ਮੁੰਦਰੀ ਲਾ ਦਿੱਤੀ ਜਾਵੇ।

ਜਿਹੜਾ ਤੀਰ-ਅੰਦਾਜ਼ ਆਪਣਾ ਤੀਰ ਮੁੰਦਰੀ 'ਚੋਂ ਲੰਘਾ ਦੇਵੇਗਾ, ਉਸ ਨੂੰ ਉਹ ਕੀਮਤੀ ਮੁੰਦਰੀ ਦੇ ਦਿੱਤੀ ਜਾਵੇਗੀ। ਹਰ ਕੋਈ ਤੀਰ-ਅੰਦਾਜ਼ ਮੁੰਦਰੀ ਨੂੰ ਪ੍ਰਾਪਤ ਕਰਨ ਲਈ ਲਾਲਚੀ ਹੋ ਗਿਆ। ਸਾਰੇ ਤੀਰ-ਅੰਦਾਜ਼ ਵਾਰੀ-ਵਾਰੀ ਤੀਰ ਚਲਾਉਂਦੇ ਰਹੇ ਪਰੰਤੂ ਕਿਸੇ ਨੂੰ ਵੀ ਸਫ਼ਲਤਾ ਪ੍ਰਾਪਤ ਨਾ ਹੋਈ। ਤੀਰ-ਅੰਦਾਜ਼ ਬਾਦਸ਼ਾਹ ਦੇ ਹੁਕਮ ਤੋਂ ਡਰੇ ਹੋਏ ਸਹਿਮ ਰਹੇ ਸਨ ਪਰੰਤੂ ਬਾਦਸ਼ਾਹ ਖ਼ਾਮੋਸ਼ ਰਿਹਾ। ਉਹ ਆਪਣੇ ਇਸ ਸ਼ੌਕ ਨੂੰ ਪੂਰਾ ਕਰਨਾ ਵੀ ਚਾਹੁੰਦਾ ਸੀ। ਹੋਰ ਕੋਈ ਵੀ ਮੁੰਦਰੀ 'ਚੋਂ ਤੀਰ ਲੰਘਾ ਕੇ ਇਨਾਮ ਵੱਲੋਂ ਮੁੰਦਰੀ ਲੈ ਸਕਦਾ ਹੈ। ਬਾਦਸ਼ਾਹ ਨੇ ਫ਼ੁਰਮਾਇਆ।

ਈਦਗਾਹ ਦੇ ਬਿਲਕੁਲ ਨੇੜੇ ਇਕ ਸਰਾਂ ਦੀ ਛੱਤ 'ਤੇ ਬਾਰਾਂ-ਤੇਰਾਂ ਸਾਲਾਂ ਦਾ ਬੱਚਾ ਆਪਣੇ ਤੀਰ-ਕਮਾਨ ਨਾਲ ਖੇਡ ਰਿਹਾ ਸੀ। ਉਹ ਤੀਰ ਚਲਾ ਕੇ ਅਨੰਦ ਮਾਣ ਰਿਹਾ ਸੀ। ਕੁਦਰਤ ਦੀ ਕਰਨੀ ਉਸ ਦਾ ਇਕ ਤੀਰ ਹਵਾ ਨੇ ਮੁੰਦਰੀ ਵਿੱਚੋਂ ਲੰਘਾ ਦਿੱਤਾ। ਬਾਦਸ਼ਾਹ ਤੇ ਦਰਬਾਰੀ ਹੈਰਾਨ ਰਹਿ ਗਏ। ਤੀਰ-ਅੰਦਾਜ਼ ਸ਼ਰਮਿੰਦੇ ਹੋ ਰਹੇ ਸਨ।

ਬਾਦਸ਼ਾਹ ਨੇ ਉਸ ਬੱਚੇ ਨੂੰ ਸਰਾਂ ਤੋਂ ਥੱਲੇ ਆਪਣੇ ਕੋਲ ਲਿਆਉਣ ਦਾ ਹੁਕਮ ਦਿੱਤਾ। ਬੱਚੇ ਨੂੰ ਦਰਬਾਰੀ ਬਾਦਸ਼ਾਹ ਕੋਲ ਲੈ ਆਏ। ਬੱਚਾ ਅੰਦਰੋਂ ਡਰਿਆ ਹੋਇਆ ਸੀ। ਬੱਚੇ ਨੇ ਬਾਦਸ਼ਾਹ ਨੂੰ ਸਲਾਮ ਕੀਤੀ ਤੇ ਹੱਥ-ਜੋੜ ਕੇ ਖਲੋ ਗਿਆ।

"ਸ਼ਾਬਾਸ਼, ਤੂੰ ਇਨਾਮ ਜਿੱਤ ਗਿਆ ਹੈ। ਤੂੰ ਮੁੰਦਰੀ 'ਚੋਂ ਤੀਰ ਲੰਘਾ ਦਿੱਤਾ ਹੈ। ਤੂੰ ਮੁਕਾਬਲੇ 'ਚ ਕਾਮਯਾਬ ਹੋ ਗਿਆ ਹੈਂ। ਤੂੰ ਮੇਰੀ ਲਾਈ ਸ਼ਰਤ ਜਿੱਤੀ ਹੈ। ਇਸ ਲਈ ਇਸ ਕੀਮਤੀ ਮੁੰਦਰੀ ਦਾ ਹੱਕਦਾਰ ਤੂੰ ਹੈਂ। ਹੋਰ ਵਡਮੁੱਲੇ ਵਸਤਰ ਵੀ ਮੈਂ ਤੈਨੂੰ ਖ਼ੁਸ਼ ਹੋ ਕੇ ਦੇ ਰਿਹਾਂ", ਬੱਚੇ ਦਾ ਮੋਢਾ ਥਾਪੜਦੇ ਹੋਏ ਬਾਦਸ਼ਾਹ ਨੇ ਕਿਹਾ। ਬੱਚੇ ਦੀ ਸਫ਼ਲਤਾ 'ਤੇ ਸਾਰੇ ਹੈਰਾਨ ਹੋ ਰਹੇ ਸਨ। ਬੱਚੇ ਨੇ ਬੜੇ ਸਤਿਕਾਰ ਨਾਲ ਬਾਦਸ਼ਾਹ ਤੋਂ ਦਿੱਤੀਆ ਸੁਗਾਤਾਂ ਤੇ ਮੁੰਦਰੀ ਪ੍ਰਾਪਤ ਕਰ ਲਿੱਤੀ। ਇਹ ਅਚਨਚੇਤ ਵਾਪਰਨ ਕਰ ਕੇ ਬੱਚਾ ਵੀ ਸੋਚੀਂ ਪੈ ਗਿਆ।

ਕੁੱਝ ਮਿੰਟਾਂ ਬਾਅਦ ਬੱਚੇ ਨੇ ਆਪਣਾ ਤੀਰ-ਕਮਾਣ ਤੇ ਤੀਰ ਤੋੜ ਦਿਤੇ ਤੇ ਘਰ ਨੂੰ ਤੁਰਨ ਲੱਗਾ। ਦਰਬਾਰੀ ਬੱਚੇ ਦੀ ਇਸ ਹਰਕਤ ਤੋਂ ਹੈਰਾਨ ਹੋਏ। ਬੱਚੇ ਨੂ ਪੁੱਛਣ ਲੱਗੇ, ਤੂੰ ਇਹ ਕਿਉਂ ਕੀਤਾ। ਬੱਚੇ ਦਾ ਉੱਤਰ ਸੀ, "ਮੇਰੀ ਇੱਜ਼ਤ ਕਾਇਮ ਰਹੇ। ਸਨਮਾਨ ਦੇ ਮੈਂ ਯੋਗ ਰਵਾਂ।"

ਅਸਲ ਵਿੱਚ ਉਸ ਬੱਚੇ ਦਾ ਅਧਿਆਪਕ ਬੜਾ ਸੂਝਵਾਨ ਸੀ। ਉਸ ਨੂੰ ਸਿੱਖਿਆ ਦਿੱਤੀ ਗਈ ਸੀ ਕਿ ਕਦੇ ਸਫ਼ਲਤਾ ਪ੍ਰਾਪਤ ਕਰਕੇ ਘਮੰਡੀ ਨਹੀਂ ਹੋਣਾ। ਜੀਵਨ ਵਿੱਚ ਇਮਤਿਹਾਨ ਹੁੰਦੇ ਰਹਿੰਦੇ ਹਨ। ਕਦੇ ਜਿੱਤ, ਕਦੇ ਹਾਰ। ਮਿਹਨਤ ਤੋਂ ਪਿੱਛੇ ਨਹੀਂ ਹਟਣਾ। ਵਡੀ ਪ੍ਰਾਪਤੀ ਤੋਂ ਬਾਅਦ, ਕਦੇ ਹਾਰ ਵੀ ਹੋ ਸਕਦੀ ਹੈ। ਬੁਲੰਦੀ 'ਤੇ ਕਾਇਮ ਰਹਿਣਾ ਜ਼ਰੂਰੀ ਹੈ।

ਬੱਚੇ ਨੇ ਆਪਣੇ ਗੁਰੂ-ਅਧਿਆਪਕ ਦੀ ਸਿੱਖਿਆ ਕਹਿ ਸੁਣਾਈ। ਬਾਦਸ਼ਾਹ ਬੱਚੇ ਦੀ ਸਿਆਣਪ 'ਤੇ ਚਕ੍ਰਿਤ ਹੋ ਗਿਆ। ਉਸ ਨੇ ਮਾਲ-ਮੰਤਰੀ (ਵਜ਼ੀਰੀ) ਨੂੰ ਉਸ ਬੱਚੇ ਦੀ ਪੜ੍ਹਾਈ ਦਾ ਖਰਚਾ ਸਰਕਾਰੀ ਖ਼ਜਾਨੇ 'ਚੋਂ ਕਰਨ ਦਾ ਪ੍ਰਬੰਧ ਕਰਵਾ ਦਿੱਤਾ।

"ਅਜਿਹੇ ਗੁਰੂ ਸ਼ਗਿਰਦ ਹੀ ਮਹਾਨ ਬਣਦੇ ਹਨ", ਬਾਦਸ਼ਾਹ ਦੇ ਮੂੰਹੋ ਨਿਕਲਿਆ।

# ਗੁਲਹਿਰੀ ਦੀ ਸਿਆਣਪ

## ਇਨ੍ਹਾਂ ਕਹਾਣੀਆਂ ਦੀ ਮਹੱਤਤਾ

ਮਨੁੱਖ ਸ਼ੁਰੂ ਤੋਂ ਹੀ ਕੁਦਰਤ ਕੋਲੋਂ ਸਿੱਖਦਾ ਰਿਹਾ ਹੈ। ਰੁੱਖ, ਬੂਟੇ ਤੇ ਫੁੱਲ ਉਸ ਨੂੰ ਪ੍ਰਭਾਵਤ ਕਰਦੇ ਰਹੇ ਹਨ। ਜੰਗਲਾਂ 'ਚ ਜਾਨਵਰ ਜੀਵ, ਪੰਛੀ ਤੇ ਕੀੜੇ-ਮਕੌੜੇ ਆਪਣਾ ਜੀਵਨ ਜਿਊਂਦੇ ਹਨ। ਉਨ੍ਹਾਂ ਦਾ ਆਪਣਾ ਸੰਸਾਰ ਹੈ। ਉਨ੍ਹਾਂ ਤੋਂ ਬੜਾ ਕੁਝ ਸਿੱਖਿਆ ਜਾ ਸਕਦਾ ਹੈ।

ਬੱਚਿਆਂ ਨੂੰ ਜਾਨਵਰਾਂ, ਪੰਛੀਆਂ ਤੇ ਜੀਵਾਂ ਤੋਂ ਚੰਗੀਆਂ ਸਿੱਖਿਆਵਾਂ ਦੇਣ ਲਈ ਜਨੌਰ ਤੇ ਪੰਛੀ ਕਹਾਣੀਆਂ ਬਹੁਤ ਲਾਭਕਾਰੀ ਹਨ। ਇਹ ਕਹਾਣੀਆਂ ਰੌਚਿਕ ਵੀ ਹਨ ਅਤੇ ਚੰਗੀਆਂ ਕਦਰਾਂ-ਕੀਮਤਾਂ ਅਤੇ ਚੰਗੀਆਂ-ਆਦਤਾਂ ਗ੍ਰਹਿਣ ਕਰਨ ਲਈ ਪ੍ਰੇਣਨਾਦਾਇਕ ਵੀ ਹਨ।

ਇਨ੍ਹਾਂ ਕਹਾਣੀਆਂ ਰਾਹੀਂ ਜਾਨਵਰਾਂ, ਪੰਛੀਆਂ ਤੇ ਜੀਵਾਂ ਬਾਰੇ ਜਾਣਕਾਰੀ ਵੀ ਮਿਲਦੀ ਹੈ। ਪਰ-ਉਪਕਾਰ, ਦਿਆਲਤਾ, ਸਿਆਣਪ ਅਤੇ ਅਕਲਮੰਦੀ ਨਾਲ ਔਕੜਾਂ ਹੱਲ ਹੋ ਸਕਦੀਆਂ ਹਨ। ਕ੍ਰੋਧ, ਈਰਖਾ, ਲਾਲਚ, ਹੰਕਾਰ, ਘਮੰਡ ਆਦਿ ਨੂੰ ਤਿਆਗਣ ਨਾਲ ਸਮੱਸਿਆਵਾਂ ਹੱਲ ਹੋ ਸਕਦੀਆਂ ਹਨ। ਨੇਕ ਤੇ ਚੰਗਾ ਇਨਸਾਨ ਬਣਨ ਲਈ ਇਨ੍ਹਾਂ ਕਹਾਣੀਆਂ ਰਾਹੀਂ ਬੱਚਿਆਂ ਨੂੰ ਰੌਚਿਕ ਤੇ ਸਰਲ ਭਾਸ਼ਾ ਵਿੱਚ ਸਮਝਾਉਣਾ ਕਹਾਣੀ ਮਾਧਿਅਮ ਇੱਕ ਚੰਗਾ ਸਾਧਨ ਹੈ।

ਉੱਘੇ ਲੇਖਕ ਮਨਮੋਹਨ ਸਿੰਘ ਦਾਊਂ ਦੀਆਂ ਇਹ ਕਹਾਣੀਆਂ ਪ੍ਰਸੰਸਾਯੋਗ ਹਨ ਤੇ ਉਚੇਚੇ ਤੌਰ 'ਤੇ ਰਚੀਆਂ ਗਈਆਂ ਹਨ।

ਪ੍ਰਕਾਸ਼ਕ

# ਗੁਲਹਿਰੀ ਦੀ ਸਿਆਣਪ

ਇੱਕ ਘਣਾ ਜੰਗਲ ਸੀ। ਜੰਗਲ ਵਿੱਚ ਬਹੁਤ ਸਾਰੇ ਜਾਨਵਰ, ਜੀਵ ਤੇ ਪੰਛੀ ਰਹਿੰਦੇ ਸਨ। ਹਰ ਕੋਈ ਆਪਣੇ ਖਾਣ ਦੀਆਂ ਚੀਜ਼ਾਂ ਲਭਦਾ ਤੇ ਖਾਂਦਾ।

ਉਸ ਜੰਗਲ ਵਿੱਚ ਇੱਕ ਅੰਬ ਦੇ ਰੁੱਖ 'ਤੇ ਗੁਲਰਿਹੀ ਚੜ੍ਹੀ ਹੋਈ ਸੀ। ਉਹ ਟਪੂਸੀਆਂ ਮਾਰ-ਮਾਰ ਇੱਕ ਟਹਿਣੇ ਤੋਂ ਦੂਜੇ ਟਹਿਣੇ 'ਤੇ ਚੜ੍ਹ ਜਾਂਦੀ। ਖੁਸ਼ੀ ਵਿੱਚ ਆਪਣੀ ਪੂਛ ਘੁੰਮਾਉਂਦੀ ਰਹਿੰਦੀ। ਤੇਜ਼ -ਤੇਜ਼ ਫਲਾਂ ਨੂੰ ਆਪਣੇ ਦੋਵੇਂ ਹੱਥ 'ਚ ਫੜਦੀ ਤੇ ਦੰਦਾਂ ਨਾਲ ਟੁਕਦੀ ਰਹਿੰਦੀ। ਖਾ-ਖਾ ਕੇ ਉਸ ਦਾ ਢਿੱਡ ਭਰ ਗਿਆ। ਕਾਹਲੀ 'ਚ ਅੰਬ ਦੇ ਟਹਿਣੇ ਤੋਂ ਧੜੰਮ ਕਰ ਕੇ ਥੱਲੇ ਡਿੱਗ ਪਈ। ਖੜਾਕ ਹੋਇਆ।

ਅੰਬ ਦੇ ਥੱਲੇ ਇੱਕ ਬਘਿਆੜ ਧੁੱਪ ਸੇਕ ਰਿਹਾ ਸੀ। ਗੁਲਹਿਰੀ ਉਸ ਦੇ ਸਿਰ 'ਤੇ ਆਣ ਵੱਜੀ। ਬਘਿਆੜ ਇੱਕ ਦਮ ਡਰ ਗਿਆ ਤੇ ਉਸ ਨੇ ਗੁਲਹਿਰੀ ਨੂੰ ਆਪਣੇ ਪੰਜਿਆਂ 'ਚ ਪਕੜ ਲਿਆ। "ਅੱਛਾ, ਤੂੰ ਗੁਲਹਿਰੀ ਮੈਨੂੰ ਮਾਰਨ ਲੱਗੀ ਐਂ, ਤੇਰੀ ਇਹ ਹਿੰਮਤ", ਕ੍ਰੋਧ 'ਚ ਅੱਖਾਂ ਕੱਢਦਾ ਬਘਿਆੜ ਚੀਕਿਆ। ਗੁਲਹਿਰੀ ਦੀ ਜਾਨ ਨਿਕਲਣ ਵਾਲੀ ਹੋ ਗਈ। "ਨਹੀਂ, ਨਹੀਂ, ਬਘਿਆੜ ਵੀਰੇ, ਮੇਰਾ ਤਾਂ ਪੈਰ ਫਿਸਲ ਗਿਆ। ਮੁਆਫ਼ ਕਰ ਮੈਨੂੰ", ਗੁਲਹਿਰੀ ਨੇ ਤਰਲਾ ਕੀਤਾ।

"ਮੈਂ ਤੈਨੂੰ ਛੱਡ ਦੇਂਦਾ। ਪਹਿਲਾਂ ਮੈਨੂੰ ਇਹ ਦੱਸ ਕਿ ਤੂੰ ਏਨੀ ਖੁਸ਼ ਕਿਉਂ ਰਹਿੰਦੀ? ਤੂੰ ਥੱਕਦੀ ਨਹੀਂ। ਬਹੁਤ ਫੁਰਤੀ 'ਚ ਟਪੂਸੀਆਂ ਮਾਰਦੀ ਰਹਿੰਦੀ", ਬਘਿਆੜ ਰਹਿਮ ਕਰਦਾ ਬੋਲਿਆ।

"ਮੈਨੂੰ ਛੱਡਦੇ । ਮੈਨੂੰ ਅੰਬ 'ਤੇ ਚੜ੍ਹ ਲੈਣ ਦੇ। ਮੈਂ ਕਾਰਨ ਦੱਸ ਦੇਵਾਂਗੀ। ਤੇਰੇ 'ਚ ਵੀ ਫੁਰਤੀ ਆ ਜਾਵੇਗੀ,' 'ਗੁਲਹਿਰੀ ਨੇ ਜਾਨ ਬਚਾਉਣ ਲਈ ਸਿਆਣਪ ਕੀਤੀ। ਉਸ ਦਾ ਦਿਲ ਧਕ-ਧਕ ਕਰ ਰਿਹਾ ਸੀ। ਬਘਿਆੜ ਨੇ ਝੱਟ ਗੱਲ ਮੰਨ ਕੇ ਉਸ ਨੂੰ ਛੱਡ ਦਿੱਤਾ। ਗੁਲਹਿਰੀ ਅੰਬ 'ਤੇ ਚੜ੍ਹ ਗਈ ਤੇ ਸ਼ੁਕਰ ਕਰਨ ਲੱਗੀ ਕਿ ਜਾਨ ਬਚ ਗਈ।

ਬੁੱਧੂ ਬਘਿਆੜ ਸੋਚੀਂ ਪੈ ਗਿਆ। "ਤੂੰ ਕ੍ਰੋਧ 'ਚ ਆਪਦੀ ਹੋਸ਼ ਗੁਆ ਲੈਂਦਾ। ਆਲਸ ਨੂੰ ਛੱਡਦਾ ਨਹੀਂ। ਬਦਲਾ ਲੈਣ ਲਈ ਸੋਚਦਾ ਰਹਿੰਦਾ ਐਂ। ਅਸੀਂ ਖੁਸ਼ ਰਹਿੰਦੀਆਂ। ਕਿਸੇ ਦਾ ਬੁਰਾ ਨਹੀਂ ਕਰਦੀਆਂ", ਗੁਲਹਿਰੀ ਦਾ ਉੱਤਰ ਸੀ।

# ਅਕਲਮੰਦ ਬੱਕਰੀਆਂ

ਇੱਕ ਪਹਾੜੀ ਸੁੰਦਰ ਵਾਦੀ ਸੀ। ਨੇੜੇ ਹੀ ਜੰਗਲ ਸੀ। ਉਸ ਜੰਗਲ ਵਿੱਚ ਕਈ ਤਰ੍ਹਾਂ ਦੇ ਜਾਨਵਰ, ਪੰਛੀ ਤੇ ਜੀਵ ਰਹਿੰਦੇ ਸਨ। ਉਸ ਪਹਾੜੀ 'ਚੋਂ ਇੱਕ ਨਦੀ ਵਗਦੀ ਸੀ। ਨਦੀ ਦੇ ਦੋਵੇਂ ਕੰਢਿਆਂ ਨੂੰ ਜੋੜਨ ਲਈ ਨਦੀ 'ਤੇ ਇੱਕ ਲੱਕੜ ਦਾ ਪੁੱਲ ਬਣਿਆ ਹੋਇਆ ਸੀ। ਪੁਲ ਬਹੁਤ ਤੰਗ ਸੀ। ਕੇਵਲ ਇੱਕ ਬੰਦੇ ਦੇ ਲੰਘਣ ਲਈ ਸੀ। ਪੁਲ ਦੇ ਦੋਵੇਂ ਪਾਸੀਂ ਜ਼ਾਨਵਰਾਂ ਨੂੰ ਘਾਹ ਚਰਨ ਲਈ ਹਰੀਆਂ-ਹਰੀਆਂ ਘਾਹ ਦੀਆਂ ਚਰਾਂਦਾਂ ਸਨ। ਬੱਕਰੀਆਂ, ਭੇਡਾਂ ਤੇ ਹੋਰ ਜਾਨਵਰ ਉੱਥੇ ਝੁੰਡ ਬਣਾ ਕੇ ਚਰਦੇ ਰਹਿੰਦੇ। ਨਦੀ ਨੂੰ ਆਰ-ਪਾਰ ਕਰਨ ਲਈ ਪੁਲ ਉਤੋਂ ਹੀ ਲੰਘਿਆ ਜਾ ਸਕਦਾ ਸੀ। ਨਦੀ 'ਚ ਤੇਜ਼ ਪਾਣੀ ਸ਼ੂੰ-ਸ਼ੂੰ ਕਰਦਾ ਵਗਦਾ ਰਹਿੰਦਾ।

ਇੱਕ ਦਿਨ ਉਸ ਪੁਲ ਦੇ ਇੱਕ ਪਾਸਿਓਂ ਇੱਕ ਜੰਗਲੀ ਕੁੱਤਾ ਦੂਜੇ ਪਾਸੇ ਜਾਣ ਲਈ, ਪੁਲ ਨੂੰ ਪਾਰ ਕਰਨ ਲਈ ਤਿਆਰ ਹੋ ਗਿਆ। ਦੂਜੇ ਪਾਸੇ ਤੋਂ ਇੱਕ ਗਿੱਦੜ ਪੁਲ ਦੇ ਉਰਲੇ ਪਾਸੇ ਨੂੰ ਜਾਣ ਲਈ ਭੱਜ ਤੁਰਿਆ। ਪੁਲ ਦੇ ਵਿਚਕਾਰ ਪੁੱਜ ਕੇ ਕੁੱਤਾ ਤੇ ਗਿੱਦੜ ਬਹਿਸ ਕਰਨ ਲੱਗੇ। ਕੁੱਤਾ ਦੰਦ ਕੱਢੇ ਮੈਂ ਲੰਘਣਾ, ਤੂੰ ਪਿੱਛੇ ਮੁੜ। ਗਿੱਦੜ ਆਖੇ ਮੈਂ ਲੰਘਣਾ, ਤੂੰ ਇੱਥੋਂ ਮੁੜ। ਪੁਲ ਬਹੁਤ ਤੰਗ ਸੀ ਤੇ ਨਦੀ ਵੀ ਪੂਰੇ ਜ਼ੋਰਾਂ ਨਾਲ ਵੱਗ ਰਹੀ ਸੀ। ਦੋਵਾਂ 'ਚ ਲੜਾਈ ਹੋਣ ਲੱਗੀ। ਹਮਲੇ ਕਰ ਕਰ ਦੋਵੇਂ ਜਖ਼ਮੀ ਹੋ ਗਏ। ਕੋਈ ਵੀ ਪਿੱਛੇ ਹਟਣ ਤੇ ਗੱਲ ਮੰਨਣ ਨੂੰ ਤਿਆਰ ਨਾ ਹੋਇਆ। ਲੜਾਈ ਹੋਰ ਭਖ ਗਈ ਤੇ ਧੜੰਮ ਕਰ ਕੇ ਦੋਵੇਂ ਜਣੇ ਪੁਲ ਤੋਂ ਥੱਲੇ ਡਿੱਗ ਗਏ ਤੇ ਨਦੀ 'ਚ ਰੁੜ੍ਹ ਗਏ। ਇਹ ਸਾਰਾ ਕੁਝ ਜਾਨਵਰ ਵੇਖਦੇ ਰਹੇ।

ਏਨੇ ਨੂੰ ਇੱਕ ਪਾਸਿਓਂ ਦੂਜੇ ਪਾਸੇ ਜਾਣ ਲਈ ਇੱਕ ਕਾਲੇ ਰੰਗ ਦੀ ਬਕਰੀ ਪੁਲ 'ਤੇ ਜਾ ਚੜ੍ਹੀ। ਦੂਜੇ ਬੰਨਿਓਂ ਇੱਕ ਡੱਬ-ਖੜੱਬੀ ਬੱਕਰੀ ਪੁਲ ਪਾਰ ਕਰਨ ਲਈ ਚੱਲ ਪਈ। ਦੋਵੇਂ ਬਕਰੀਆਂ ਪੁੱਲ ਦੇ ਵਿਚਕਾਰ ਇਕੱਠੀਆਂ ਹੋ

ਗਈਆਂ। ਪੁਲ ਤੰਗ ਹੋਣ ਕਾਰਨ ਕਿਵੇਂ ਲੰਘਿਆ ਜਾਵੇ। ਪਿੱਛੇ ਮੁੜਨਾ ਵੀ ਔਖਾ ਲਗਦਾ ਸੀ। ਕਾਲੀ ਬੱਕਰੀ ਵੱਡੀ ਸੀ। ਉਸ ਨੇ ਢੰਗ ਸੋਚਿਆ। "ਭੈਣੇ, ਮੈਂ ਬੈਠ ਜਾਂਦੀ ਹਾਂ। ਤੂੰ ਪੋਲੇ-ਪੋਲੇ ਮੇਰੇ ਉੱਤੋਂ ਦੀ ਲੰਘ ਜਾ। ਤੂੰ ਮੈਥੋਂ ਛੋਟੀ ਹੈ ਤੇ ਹੌਲੀ ਵੀ", ਕਾਲੀ ਬਕਰੀ ਨੇ ਕਿਹਾ, "ਬਹੁਤ ਅੱਛਾ ਭੈਣੇ, ਮੈਨੂੰ ਗੱਲ ਚੰਗੀ ਲੱਗੀ, ਤੇਰੀ ਮਿਹਰਬਾਨੀ", ਡੱਬ ਖੜੱਬੀ ਖੁਸ਼ ਹੋ ਕੇ ਬੋਲੀ। ਅਕਲਮੰਦੀ ਨਾਲ ਦੋਵੇਂ ਬਕਰੀਆਂ ਨੇ ਪੁਲ ਪਾਰ ਕਰ ਲਿਆ।

# ਸਿਆਣੀਆਂ ਕੀੜੀਆਂ

ਵਰਖਾ ਰੁੱਤ ਆਉਣ ਵਾਲੀ ਸੀ। ਧੁੱਪ ਵੀ ਕਹਿਰਾਂ ਦੀ ਸੀ। ਇਹ ਅੰਦਾਜ਼ਾ ਲਾਇਆ ਜਾਂਦਾ ਸੀ ਕਿ ਮੀਂਹ ਬਹੁਤ ਪੈਣਗੇ। ਕੀੜੀਆਂ ਨੇ ਸੁਣਿਆ ਹੋਇਆ ਸੀ ਕਿ ਜਦੋਂ ਸਾਵਣ ਮਹੀਨੇ ਝੜੀਆਂ ਲਗਦੀਆਂ ਹਨ ਤਾਂ ਕਈ-ਕਈ ਦਿਨ ਵਰਖਾ ਪੈਂਦੀ ਰਹਿੰਦੀ। ਜਿਊਣਾ ਔਖਾ ਹੋ ਜਾਂਦਾ ਹੈ। ਪਸ਼ੂ, ਪੰਛੀ ਤੇ ਜੀਵਾਂ ਨੂੰ ਆਪਣੇ ਰਹਿਣ ਲਈ ਤੇ ਖਾਣ ਲਈ ਪ੍ਰਬੰਧ ਕਰਨੇ ਪੈਂਦੇ ਹਨ। ਹਰ ਕੋਈ ਸੂਝਵਾਨ ਅਜਿਹੇ ਮੌਸਮ ਦਾ ਸਾਹਮਣਾ ਕਰਨ ਲਈ ਅਗਾਂਹ ਦੀ ਸੋਚਦਾ। ਕੀੜੀਆਂ 'ਚੋਂ ਇਕ ਸਿਆਣੀ ਕੀੜੀ ਨੇ ਆਪਣੀਆਂ ਸਾਥਣਾਂ ਨੂੰ ਖ਼ਬਰਦਾਰ ਕਰ ਦਿੱਤਾ ਕਿ ਵਰਖਾ ਤੋਂ ਆਪਣੇ ਖਾਣੇ ਲਈ ਦਾਣੇ ਜਮ੍ਹਾਂ ਕਰ ਲਵੋ। ਕੀੜੀਆਂ ਨੇ ਹੁਕਮ ਮੰਨ ਕੇ ਦਾਣਿਆਂ ਦਾ ਭੰਡਾਰ ਧੁੱਪੇ ਸੁਕਾ ਕੇ ਆਪਣੀਆਂ ਖੁੱਡਾਂ ਵਿਚ ਭਰ ਲਿਆ ਤੇ ਵਰਖਾ ਦੀ ਚਿੰਤਾ ਦਾ ਡਰ ਨਾ ਰਿਹਾ।

ਏਨੇ ਨੂੰ ਕੀੜੀਆਂ ਕੋਲ ਇੱਕ ਉਡਦੀ ਹੋਈ ਭੰਬੀਰੀ ਆਈ। ਉਸ ਦੇ ਖੰਭ ਬਹੁਤ ਸੁੰਦਰ ਤੇ ਰੰਗ-ਬਰੰਗੇ ਸਨ। ਉਸ ਨੂੰ ਆਪਣੇ ਖੰਭਾਂ ਤੇ ਸੰਗੀਤ ਦਾ ਘਮੰਡ ਸੀ। ਟਿਕ ਕੇ ਨਾ ਬਹਿੰਦੀ। ਕੀੜੀਆਂ ਨੇ ਉਸ ਦਾ ਸੁਆਗਤ ਕੀਤਾ। ਇੱਕ ਕੀੜੀ ਜਿਸ ਨੇ ਬੜੀ ਮਿਹਨਤ ਕਰ ਕੇ ਦਾਣੇ ਢੂੰਡ-ਢੂੰਡ ਕੇ ਵਰਖਾ ਤੋਂ ਬਚਾ ਕੇ ਜਮਾਂ ਕੀਤੇ ਸਨ, ਉਸ ਨੂੰ ਭੰਬੀਰੀ ਨੇ ਤਰਲੇ ਕਢਦੇ ਕੁਝ ਦਾਣੇ ਦੇਣ ਲਈ ਮੰਗ ਕੀਤੀ। ਕੀੜੀ ਨੇ ਪੁੱਛਿਆ, "ਭੈਣ ਭੰਬੀਰੀਏ, ਤੂੰ ਕੀ ਕਰਦੀ ਰਹੀ?" "ਮੈਨੂੰ ਵਿਹਲ ਹੀ ਨਹੀਂ ਮਿਲੀ, ਗਰਮੀ ਸੀ, ਮੈਂ ਤਾਂ ਗਾਉਂਦੀ ਰਹੀ", ਭੰਬੀਰੀ ਨੇ ਉੱਤਰ ਦਿੱਤਾ। ਕੀੜੀ ਠਹਾਕਾ ਮਾਰ ਕੇ ਹੱਸੀ। "ਭੈਣੇ ਤੂੰ ਗਰਮੀਆਂ ਗਾ ਕੇ ਲੰਘਾ ਦਿੱਤੀਆਂ, ਹੁਣ ਸਰਦੀਆਂ ਨੱਚ ਕੇ, ਗਾ ਕੇ ਲੰਘਾ ਲੈ", ਕੀੜੀ ਨੇ ਕਟਾਖਸ਼ ਕੀਤਾ। ਭੰਬੀਰੀ ਸੋਚੀਂ ਪੈ ਗਈ ਤੇ ਆਪਣੇ ਆਲਸ 'ਤੇ ਪਛਤਾਵਾ ਕਰਨ ਲੱਗੀ।

# ਲਾਲਚੀ ਛਿਪਕਲੀ

ਰਾਤ ਹੋ ਗਈ ਸੀ। ਇੱਕ ਘਰ ਦੀ ਰਸੋਈ ਦੀ ਮਾਲਕਣ ਰਾਤ ਦਾ ਖਾਣਾ ਤਿਆਰ ਕਰ ਕੇ ਸੌਂ ਗਈ। ਰਸੋਈ 'ਚ ਬਲਬ ਬਲਦਾ ਰਿਹਾ। ਇੱਕ ਛਿਪਕਲੀ ਬਾਹਰੋਂ ਰਸੋਈ 'ਚ ਆ ਵੜੀ। ਛਿਪਕਲੀ ਬਹੁਤ ਖੁਸ਼ ਹੋਈ ਕਿ ਰਾਤ ਨੂੰ ਢਿੱਡ ਭਰ ਕੇ ਖਾਵਾਂਗੀ। ਪਹਿਲਾਂ ਤਾਂ ਉਸ ਨੇ ਬਲਬ ਦੇ ਨੇੜੇ ਬੈਠੇ ਪਤੰਗਿਆਂ ਤੇ ਹੋਰ ਕੰਧ 'ਤੇ ਬੈਠੇ ਜੀਵਾਂ ਨੂੰ ਖਾ ਕੇ ਮੁਕਾ ਦਿੱਤਾ। ਫੇਰ ਉਸ ਨੇ ਕੌਲੀ 'ਚ ਪਈ ਗੁੜ ਦੀ ਰੋੜੀ ਨੂੰ ਚੱਟਣਾ ਸ਼ੁਰੂ ਕੀਤਾ। ਕੌੜਾ ਹੋਇਆ ਮੂੰਹ ਮਿੱਠਾ ਹੋ ਗਿਆ। ਵਾਸ਼ਬੇਸਨ 'ਚ ਪਈਆਂ ਜੂਠੀਆਂ ਪਲੇਟਾਂ ਨੂੰ ਚੱਟ-ਚੱਟ ਉਸ ਨੇ ਖੂਬ ਮਜ਼ਾ ਲਿਆ। ਕੁਝ ਘੁੱਟਾਂ ਪਾਣੀ ਵੀ ਪੀਤਾ। ਛਿਪਕਲੀ ਕਦੇ ਇੱਧਰ ਦੌੜਦੀ ਤੇ ਕਦੇ ਉਧਰ। ਸਾਰੀ ਰਸੋਈ ਦੀ ਮਾਲਕਣ ਸਮਝਣ ਲੱਗ ਪਈ। ਗੈਸ ਚੁੱਲ੍ਹੇ 'ਚ ਉਸ ਦੀ ਪੂੰਛ ਫਸਣੋ ਬਚ ਗਈ। ਉਸ ਨੂੰ ਗੁੱਸਾ ਆਇਆ। ਹੁਣ ਉਹ ਹੋਰ ਚੀਜ਼ਾਂ ਚਾਹੁੰਦੀ ਸੀ।

ਰਸੋਈ ਦੀ ਸਲੈਬ 'ਤੇ ਇੱਕ ਕੱਦੂਕਸ ਪਿਆ ਸੀ। ਉਸ ਨੇ ਸੋਚਿਆ ਕੱਦੂਕਸ 'ਚ ਹੋਰ ਸੁਆਦੀ ਵਸਤਾਂ ਹੋਣਗੀਆਂ। ਉਸ ਨੇ ਕੱਦੂਕਸ ਨੂੰ ਮੱਲਣ ਲਈ ਆਪਣਾ ਕਬਜ਼ਾ ਕਰ ਲਿਆ। ਆਪਣੀ ਤਿੱਖੀ ਜੀਭ ਕੱਦੂਕਸ ਦੇ ਦੰਦਿਆਂ 'ਤੇ ਘਸਾਉਣ ਲੱਗੀ। ਉਸ ਦਾ ਮੂੰਹ ਲਹੂ ਨਾਲ ਭਰ ਗਿਆ। ਉਸ ਨੂੰ ਲਹੂ ਸੁਆਦ ਲਗਣ ਲੱਗਿਆ। ਉਸ ਦੀ ਤਿੱਖੀ ਜੀਭ ਪੂਰੀ ਟੁੱਕੀ ਗਈ। ਹੁਣ ਉਸ ਦੀ ਹਾਲਤ ਜ਼ਖ਼ਮ ਨਾਲ ਰੋਣ ਹਾਕੀ ਹੋ ਗਈ। ਚੀਜ਼ਾਂ ਨੂੰ ਖਾਣ ਦੇ ਲਾਲਚ ਨਾਲ ਅਧਮੋਈ ਹੋ ਗਈ ਤੇ ਆਪਣੀ ਖਾਣ ਵਾਲੀ ਤਿੱਖੀ ਜੀਭ ਵੀ ਗੁਆ ਬੈਠੀ।

# ਈਰਖਾਲੂ ਕਾਂ

ਇੱਕ ਪਹਾੜੀ ਜੰਗਲ ਸੀ। ਮੌਸਮ ਸੁਹਾਵਣਾ ਸੀ। ਪਹਾੜੀ ਦੇ ਹਰੇ ਹਰੇ ਘਾਹ ਨੂੰ ਭੇਡਾਂ ਦਾ ਇੱਕ ਵੱਗ ਚਰ ਰਿਹਾ ਸੀ। ਭੇਡਾਂ ਮਸਤੀ ਵਿੱਚ ਨਜ਼ਾਰਾ ਲੈ ਰਹੀਆਂ ਸਨ। ਉਹ ਬੇਫ਼ਿਕਰ ਸਨ। ਅਚਾਨਕ ਇੱਕ ਬਾਜ਼ ਉਡਦਾ-ਉਡਦਾ ਆਇਆ। ਉਹ ਭੁੱਖਾ ਸੀ। ਸ਼ਿਕਾਰ ਦੀ ਭਾਲ ਵਿਚ ਸੀ। ਭੇਡਾਂ ਵੇਖ ਕੇ ਉਸ ਨੇ ਸ਼ਿਕਾਰ ਕਰਨ ਦੀ ਸੋਚੀ। ਉਸ ਨੇ ਸਭ ਤੋਂ ਛੋਟਾ ਲੇਲਾ ਸ਼ਿਕਾਰ ਕਰਨ ਲਈ ਚੁਣਿਆ। ਬਾਜ਼ ਨੇ ਫੁਰਤੀ ਨਾਲ ਲੇਲੇ ਨੂੰ ਆਪਣੇ ਪੰਜਿਆਂ 'ਚ ਜਕੜ ਕੇ, ਉੱਡਣ ਦੀ ਕੋਸ਼ਿਸ਼ ਕੀਤੀ। ਪਲਾਂ 'ਚ ਬਾਜ਼ ਅਸਮਾਨੀਂ ਚੜ੍ਹ ਗਿਆ। ਲੇਲਾ ਚੀਕਦਾ ਰਿਹਾ ਤੇ ਭੇਡਾਂ ਡਰਦੀਆਂ ਮਾਰੀਆਂ ਕੰਬਣ ਲੱਗੀਆਂ।

ਨੇੜੇ ਹੀ ਪਹਾੜੀ ਉੱਤੇ ਇੱਕ ਘੋਗੜ ਕਾਂ ਇਹ ਨਜ਼ਾਰਾ ਵੇਖ ਰਿਹਾ ਸੀ। ਉਸ ਨੂੰ ਬਾਜ਼ ਦੀ ਸ਼ਿਕਾਰ ਕਰਨ ਦੀ ਵਿਉਂਤ 'ਤੇ ਈਰਖਾ ਹੋਈ। ਜੇ ਬਾਜ਼ ਇੰਜ ਸ਼ਿਕਾਰ ਕਰ ਕੇ ਲੇਲੇ ਨੂੰ ਚੁੱਕ ਸਕਦਾ ਹੈ ਤਾਂ ਮੈਂ ਕਿਉਂ ਨਹੀਂ ਕਰ ਸਕਦਾ। ਮੈਂ ਵੀ ਕਿਸੀ ਭੇਡ ਦਾ ਸ਼ਿਕਾਰ ਕਰਕੇ, ਸੁਆਦ ਲੈ ਸਕਦਾ ਹਾਂ ਤੇ ਭੁੱਖ ਦੂਰ ਕਰ ਸਕਦਾ ਹਾਂ। ਥਾਂ-ਥਾਂ 'ਤੋਂ ਟੁੱਕਰ ਢੂੰਡਣ ਦੀ ਕੀ ਲੋੜ ਹੈ। ਵੱਡਾ ਸ਼ਿਕਾਰ ਕਿਉਂ ਨਾ ਕੀਤਾ ਜਾਵੇ। ਏਥੇ ਤਾਂ ਕੋਈ ਮੈਨੂੰ ਵੇਖਣ ਵਾਲਾ ਨਹੀਂ।

ਇਹ ਸੋਚ ਕੇ ਕਾਂ ਨੇ ਇੱਕ ਭੇਡ 'ਤੇ ਝਪਟ ਮਾਰੀ ਤੇ ਉਸ ਦੇ ਵਾਲਾਂ ਵਿੱਚ ਆਪਣੇ ਪੌਂਚੇ ਖੋਭ ਕੇ ਭੇਡ ਨੂੰ ਉਤਾਂਹ ਚੁੱਕਣ ਦੀ ਕੋਸ਼ਿਸ਼ ਕੀਤੀ। ਉਸ ਨੇ ਬੜਾ ਜ਼ੋਰ ਲਾਇਆ ਤਾਂ ਜੋ ਭੇਡ ਨੂੰ ਬਾਜ਼ ਵਾਂਗ ਉਤਾਂਹ ਚੁੱਕ ਕੇ ਉੱਡ ਜਾਵਾਂ। ਉਸ ਦੇ ਪੌਂਚੇ ਭੇਡ ਦੀ ਸੰਘਣੀ ਉੱਨ ਵਿੱਚ ਜਕੜੇ ਗਏ। ਬਹੁਤ ਜ਼ੋਰ ਲਾਉਣ 'ਤੇ ਵੀ ਉਹ ਆਪਣੇ ਪੌਂਚੇ ਬਾਹਰ ਨਾ ਕੱਢ ਸਕਿਆ ਤੇ ਨਾ ਹੀ ਭੇਡ ਨੂੰ ਸ਼ਿਕਾਰ ਕਰਨ ਲਈ ਉਡਾਰੀ ਮਾਰ ਸਕਿਆ। ਏਨੇ ਨੂੰ ਭੇਡਾਂ ਦਾ ਆਜੜੀ ਉੱਥੇ ਆ ਗਿਆ। ਉਸ ਨੇ ਜ਼ਖ਼ਮੀ ਭੇਡ ਦੀ ਚੀਕ ਸੁਣੀ ਤੇ ਆਪਣੀ ਲਾਠੀ ਨਾਲ ਕਾਂ ਦਾ ਸਿਰ ਭੰਨ ਦਿੱਤਾ ਤੇ ਕਾਂ ਆਪਣੀ ਜਾਨ ਗੁਆ ਬੈਠਾ। "ਲੱਗਿਆ ਸੀ ਰੀਸ ਕਰਨ ਬਾਜ਼ ਵਾਂਗ", ਆਜੜੀ ਬੁੜ ਬੁੜਾਇਆ।

# ਹੰਕਾਰੀ ਕੁੱਕੜ

ਜੰਗਲ ਦੇ ਨੇੜੇ ਇੱਕ ਪਿੰਡ ਸੀ। ਪਿੰਡ ਦੀ ਫਿਰਨੀ ਦੇ ਨਾਲ-ਨਾਲ ਰੂੜੀਆਂ ਦੇ ਢੇਰ ਸਨ। ਉਸ ਪਿੰਡ ਵਿੱਚ ਕੁੱਕੜ ਤੇ ਕੁੱਕੜੀਆਂ ਬਹੁਤ ਸਨ। ਪਿੰਡ ਦੀਆਂ ਰੂੜੀਆਂ 'ਤੇ ਇੱਕ ਦਿਨ ਦੋ ਕੁੱਕੜ ਦਾਣੇ ਚੁਗਦੇ ਚੁਗਦੇ ਲੜ ਪਏ। ਇੱਕ ਕੁੱਕੜ ਵੱਡਾ ਸੀ ਤੇ ਤਕੜਾ ਸੀ। ਦੂਜਾ ਕਾਲੇ ਰੰਗ ਦਾ ਕੁੱਕੜ ਕਮਜ਼ੋਰ ਸੀ। ਦੋਵਾਂ ਦੀ ਖ਼ੂਬ ਲੜਾਈ ਹੋਣ ਲੱਗੀ। ਕਿਸੇ ਨੇ ਵੀ ਉਨ੍ਹਾਂ ਨੂੰ ਲੜਨੋਂ ਨਾ ਹਟਾਇਆ। ਦੋਵੇਂ ਜ਼ਖ਼ਮੀ ਹੋ ਗਏ। ਆਖ਼ਰ ਕਾਲਾ ਕੁੱਕੜ ਜਾਨ ਬਚਾਉਂਦਾ ਉੱਥੋਂ ਭੱਜ ਗਿਆ।

ਤਕੜੇ ਕੁੱਕੜ ਨੇ ਖਿੜ-ਖਿੜ ਕਰ ਕੇ ਖ਼ੁਸ਼ੀ ਮਨਾਈ। ਆਪਣੀ ਜਿੱਤ 'ਤੇ ਹੋਰ ਵੀ ਆਕੜ ਕੇ ਤੁਰਨ ਲੱਗਿਆ ਜਿਵੇਂ ਰੂੜੀਆਂ ਦਾ ਮਾਲਕ ਬਣ ਬੈਠਾ ਹੋਵੇ। ਇਹ ਵੇਖ ਕੇ ਆਲੇ-ਦੁਆਲੇ ਤੋਂ ਕੁੱਕੜੀਆਂ ਨੇ ਉਸ ਦੁਆਲੇ ਝੁਰਮਟ ਪਾਉਣਾ ਸ਼ੁਰੂ ਕਰ ਦਿੱਤਾ। ਉਸ ਦੀ ਜਿੱਤ ਦੇ ਨਾਅਰੇ ਲਾਉਣ ਲੱਗੀਆਂ। ਕੁੜ-ਕੁੜ ਕਰ ਕੇ ਉਸ ਦਾ ਜਸ ਗਾਉਣ ਲੱਗੀਆਂ। ਪ੍ਰਸੰਸਾ ਹੁੰਦੀ ਸੁਣ ਤਕੜਾ ਕੁੱਕੜ ਹੋਰ ਵੀ ਫੁੱਲ ਗਿਆ। ਸੋਚਣ ਲੱਗਿਆ ਹੁਣ ਮੇਰਾ ਕੋਈ ਮੁਕਾਬਲਾ ਨਹੀਂ ਕਰ ਸਕੇਗਾ।

ਜੋਸ਼ ਵਿੱਚ ਆਇਆ ਤਕੜਾ ਕੁੱਕੜ ਇੱਕ ਢਾਰੇ 'ਤੇ ਚੜ੍ਹ ਕੇ। ਖੰਭ ਫੜਫੜਾ ਉੱਚੀ-ਉੱਚੀ ਬਾਗਾਂ ਦੇਣ ਲੱਗਿਆ। ਉਹ ਆਪਦੀ ਤਾਕਤ ਦੇ ਡੰਕੇ-ਵਜਾਉਣ ਲੱਗਿਆ। ਹੈ ਕੋਈ ਮੇਰੇ ਵਰਗਾ। ਏਨੇ ਨੂੰ ਨੇੜੇ ਜੰਗਲ ਤੋਂ ਉਡਦਾ ਇੱਕ ਬਾਜ਼ ਆਇਆ। ਉਸ ਨੂੰ ਚੰਗਾ ਸ਼ਿਕਾਰ ਚਾਹੀਦਾ ਸੀ। ਕਈ ਦਿਨਾਂ ਤੋਂ ਭੁੱਖਾ ਸੀ। ਤਕੜੇ ਕੁੱਕੜ ਨੂੰ ਵੇਖ, ਬਾਜ਼ ਦੇ ਮੂੰਹ ਵਿੱਚ ਪਾਣੀ ਭਰ ਆਇਆ। ਉਸ ਨੇ ਬਿਨਾਂ ਦੇਰੀ ਕੀਤਿਆਂ, ਝੱਟ ਕੁੱਕੜ 'ਤੇ ਝਪਟ ਮਾਰੀ ਤੇ ਆਪਣੇ ਪੰਜਿਆਂ 'ਚ ਪਕੜ ਜੰਗਲ ਨੂੰ ਉੱਡ ਗਿਆ ਜਿੱਥੇ ਉਸ ਦਾ ਆਲ੍ਹਣਾ ਸੀ।

ਹੰਕਾਰੀ ਕੁੱਕੜ ਦੀ ਮੌਤ ਆਈ ਵੇਖ, ਇੱਕ ਸਿਆਣੀ ਕੁੱਕੜੀ ਬੋਲੀ, "ਹੰਕਾਰਿਆ ਸੋ ਮਾਰਿਆ।"

# ਚੂਚਾ ਤੇ ਨੀਲਕੰਠ

ਬਸਤੀਆਂ ਤੋਂ ਦੂਰ ਇੱਕ ਜੰਗਲ 'ਚ ਬਹੁਤ ਤਰ੍ਹਾਂ ਦੇ ਰੁੱਖ ਸਨ। ਧਰਤੀ 'ਤੇ ਬਹੁਤ ਤਰ੍ਹਾਂ ਦੀਆਂ ਜੜ੍ਹੀ -ਬੂਟੀਆਂ ਤੇ ਵੇਲਾਂ ਸਨ। ਰੁੱਖਾਂ 'ਤੇ ਪੰਛੀਆਂ ਨੇ ਆਲ੍ਹਣੇ ਬਣਾਏ ਹੋਏ ਸਨ। ਰੁੱਖਾਂ ਦੇ ਫਲ ਖਾ ਕੇ ਪੰਛੀ ਚਹਿ-ਚਹਾਂਦੇ। ਜਾਨਵਰ ਜੰਗਲ ਵਿੱਚ ਆਪਣਾ ਢਿੱਡ ਭਰ ਕੇ ਘੁੰਮਦੇ ਰਹਿੰਦੇ। ਕਦੇ-ਕਦੇ ਆਪਸ ਵਿੱਚ ਲੜ ਵੀ ਪੈਂਦੇ। ਧਰਤੀ 'ਤੇ ਕਈ ਕਿਸਮ ਦੇ ਜੀਵ ਜੰਤੂ ਆਪਣਾ ਚੋਗਾ ਚੁਗਦੇ ਰਹਿੰਦੇ। ਉਸ ਜੰਗਲ ਵਿਚ ਚੰਨੋ ਨਾਂ ਦੀ ਇੱਕ ਮੁਰਗੀ ਵੀ ਰਹਿੰਦੀ ਸੀ। ਉਸ ਦੇ ਦੋ ਚੂਚੇ ਸਨ। ਇੱਕ ਦਾ ਨਾਂ ਕੈਚੀ ਤੇ ਦੂਜੇ ਦਾ ਨਾਂ ਤੈਚੀ ਸੀ। ਇਨ੍ਹਾਂ ਦੀ ਉਮਰ ਅਜੇ ਦਸ ਦਿਨਾਂ ਦੀ ਹੀ ਹੋਈ ਸੀ। ਉਨ੍ਹਾਂ ਚੂਚਿਆਂ ਨੇ ਆਪਣੀ ਮੰਮੀ (ਚੰਨੋ) ਨੂੰ ਸੈਰ ਕਰਾਉਣ ਦੀ ਮੰਗ ਕੀਤੀ। ਚੰਨੋ ਉਨ੍ਹਾਂ ਨੂੰ ਜੰਗਲੀ ਬਿੱਲੇ ਤੇ ਬਿੱਲੀਆਂ ਤੋਂ ਬਚਾਉਣਾ ਚਾਹੁੰਦੀ ਸੀ।

ਜੰਗਲ ਵਿੱਚ ਇੱਕ ਛੱਪੜ ਸੀ। ਛੱਪੜ ਕੰਢੇ ਰੁੱਖ ਉੱਗੇ ਹੋਏ ਸਨ। ਚੰਨੋ ਨੇ ਚੂਚਿਆਂ ਨੂੰ ਛੱਪੜ ਕੰਢੇ ਸੈਰ ਕਰਾਉਣ ਦੀ ਸੋਚੀ। ਚੰਨੋ ਨੇ ਆਪਣੇ ਬੱਚਿਆਂ ਨੂੰ ਸਾਵਧਾਨ ਰਹਿਣ ਲਈ ਕਈ ਸਿੱਖਿਆਵਾਂ ਦਿੱਤੀਆਂ। "ਮੇਰੇ ਨਾਲ ਰਹਿਣਾ। ਅੱਗੇ ਪਿੱਛੇ ਖਿਆਲ ਰੱਖਣਾ।" ਕੈਚੀ ਹਰ ਗੱਲ ਧਿਆਨ ਨਾਲ ਸੁਣਦਾ ਪਰੰਤੂ ਤੈਚੀ ਲਾਪਰਵਾਹੀ ਕਰਦਾ।

ਤਿੰਨੇ ਜਣੇ ਛੱਪੜ ਕੰਢੇ ਸੈਰ ਕਰਨ ਲੱਗ ਪਏ। ਛੱਪੜ ਕਾਫ਼ੀ ਡੂੰਘਾ ਸੀ। ਛੱਪੜ 'ਚ ਕਈ ਰੰਗਾਂ ਦੇ ਫੁੱਲ ਵੀ ਖਿੜੇ ਹੋਏ ਸਨ। ਬੜਾ ਸੁੰਦਰ ਨਜ਼ਾਰਾ ਸੀ। ਇੱਕ ਇੱਲ ਤੋਂ ਚੰਨੋ ਨੇ ਚੂਚਿਆਂ ਨੂੰ ਬਚਾ ਲਿਆ। ਤੈਚੀ ਅੱਗੇ ਹੋ ਭੱਜਿਆ। ਚੰਨੋ ਨੇ ਰੁਕਣ ਲਈ ਕਿਹਾ ਪਰੰਤੂ ਉਹ ਕੰਢੇ ਦੇ ਨਾਲ ਫੁਦਕਦਾ ਹੋਇਆ ਛੱਪੜ ਵਿੱਚ ਡਿੱਗ ਪਿਆ। ਚੰਨੋ ਨੇ ਕੁੜਕੁੜ ਕਰ ਕੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਤਾਂ ਜੋ ਤੈਚੀ ਨੂੰ ਡੁਬਣੋ ਬਚਾ ਲਿਆ ਜਾਵੇ। ਛੱਪੜ ਕੰਢੇ ਅੰਬ ਦੇ ਰੁੱਖ ਉੱਤੇ ਬੈਠੇ ਨੀਲਕੰਠ (ਗਰੜ) ਨੇ ਚੂਚੇ ਨੂੰ ਵੇਖ ਲਿਆ। ਉਸ ਨੇ ਝੱਟ ਉਡਾਰੀ ਮਾਰੀ ਤੇ

ਤੈਚੀ ਨੂੰ ਆਪਣੇ ਪੰਜਿਆਂ 'ਚ ਪਕੜ ਲਿੱਤਾ। ਡੁੱਬਣੋ ਬਚਾ ਲਿਆ ਤੇ ਛੱਪੜ 'ਚੋਂ ਕੰਢੇ ਲਿਆ ਧਰਿਆ। ਚੀਂ ਚੀਂ ਕਰਦੇ ਤੈਚੀ ਨੇ ਹੋਸ਼ ਸੰਭਾਲੀ। ਚੰਨੋ ਨੂੰ ਸੁੱਖ ਦਾ ਸਾਹ ਆਇਆ ਤੇ ਉਸ ਨੇ ਨੀਲਕੰਠ ਦਾ ਲੱਖ ਲੱਖ ਧੰਨਵਾਦ ਕੀਤਾ।

# ਮੱਛਰ ਜਿੱਤਿਆ, ਸ਼ੇਰ ਹਾਰਿਆ

ਰਾਤ ਹੋਣ ਵਾਲੀ ਸੀ। ਅਸੀਂ ਸੌਣ ਦੀ ਤਿਆਰੀ ਕਰਨ ਲੱਗੇ। ਮੇਰਾ ਸੱਤ ਵਰ੍ਹਿਆਂ ਦਾ ਪੋਤਰਾ ਹੁਸਨਵੀਰ ਕਹਿਣ ਲੱਗਾ, "ਦਾਦਾ ਜੀ, ਮੈਨੂੰ ਅੱਜ ਵੀ ਕੋਈ ਕਹਾਣੀ ਸੁਣਾਓ। ਮੈਨੂੰ ਨੀਂਦ ਤਾਂ ਆਵੇਗੀ।" ਮੈਂ ਕਿਹਾ, ਅੱਛਿਆ। "ਤੂੰ ਕਿਹੜੀ ਕਹਾਣੀ ਸੁਣਨੀ ਐਂ?" "ਮੱਛਰ ਤੇ ਸ਼ੇਰ ਦੀ। ਹਾਂ, ਦਾਦਾ ਜੀ, ਮੱਛਰ ਨੂੰ ਜਤਾਉਣਾ", ਹੁਸਨਵੀਰ ਹੌਸਲੇ ਨਾਲ ਬੋਲਿਆ।

ਮੈਂ ਸੋਚੀਂ ਪੈ ਗਿਆ। ਮੱਛਰ ਤੇ ਸ਼ੇਰ ਦੀ ਕਹਾਣੀ ਬਾਰੇ ਵਿਉਂਤ ਬਣਾਉਣ ਲੱਗਿਆ। ਹੁਸਨਵੀਰ ਦੀ ਗੱਲ ਮੰਨਣੀ ਪੈਣੀ ਸੀ ਕਿਉਂਕਿ ਉਹ ਅਜਿਹੇ ਪ੍ਰਸ਼ਨ ਕਰਦਾ ਰਹਿੰਦਾ, ਜਿਸ ਲਈ ਉਸ ਦੀ ਤਸੱਲੀ ਕਰਾਉਣੀ ਜ਼ਰੂਰੀ ਸੀ।

"ਬੇਟਾ ਹੁਸਨ, ਲੈ ਸੁਣ ਕਹਾਣੀ। ਹੁੰਗਾਰਾ ਭਰਦਾ ਰਹੀਂ", ਮੈਂ ਕਿਹਾ। "ਸੁਣਾਓ, ਦਾਦਾ ਜੀ", ਹੁਸਨਵੀਰ ਨੇ ਖ਼ੁਸ਼ੀ ਪ੍ਰਗਟ ਕੀਤੀ।

"ਇੱਕ ਵੇਰ ਦੀ ਗੱਲ ਹੈ। ਇੱਕ ਜੰਗਲ ਵਿੱਚ ਇੱਕ ਸ਼ੇਰ ਨੂੰ ਮੱਛਰ ਟੱਕਰ ਗਿਆ। ਮੱਛਰ ਕਹਿੰਦਾ ਤੂੰ ਮੇਰੇ ਨਾਲੋਂ ਤਕੜਾ ਨਹੀਂ। ਐਵੇਂ ਤੂੰ ਜੰਗਲ ਦਾ ਰਾਜਾ ਬਣੀ ਫਿਰਦੈਂ। ਤੂੰ ਆਪਣੇ ਪੰਜਿਆਂ ਦੀਆਂ ਨਹੁੰਦਰਾਂ ਨਾਲ ਜਾਨਵਰਾਂ ਨੂੰ ਪਾੜ ਦੇਂਦਾ। ਮੇਰੇ ਨਾਲ ਤੂੰ ਲੜਾਈ ਕਰ ਕੇ ਵੇਖ ਲੈ। ਦੇਖਦੇਂ ਕੌਣ ਜਿੱਤਦਾ। ਸ਼ੇਰ ਹੰਕਾਰੀ ਸੀ। ਨਿੱਕਾ ਜੀਵ ਮੱਛਰ ਤਾਂ ਉਸ ਦੀ ਫੂਕ ਦੀ ਮਾਰ ਨਹੀਂ ਸੀ। ਮੱਛਰ ਨੇ ਚਲਾਕੀ ਕੀਤੀ।"

ਹੁਸਨਵੀਰ ਹੁੰਗਾਰਾ ਭਰਦਾ ਰਿਹਾ। ਸੋਚਣ ਲੱਗਿਆ ਕਿ ਮੱਛਰ ਕਿਵੇਂ ਜਿੱਤੇਗਾ?

ਮੱਛਰ ਝੱਟ ਭੀਂ-ਭੀਂ ਕਰ ਕੇ ਉੱਡਣ ਲੱਗਿਆ ਤੇ ਸ਼ੇਰ ਦੀਆਂ ਬਿਨਾਂ ਵਾਲਾਂ ਵਾਲੀਆਂ ਗੱਲਾਂ 'ਤੇ ਡੰਗ ਮਾਰਨ ਲੱਗਾ। ਡੰਗ ਮਾਰਦਾ ਤੇ ਉੱਡ ਜਾਂਦਾ। ਸ਼ੇਰ ਨੇ ਆਪਣੀਆਂ ਨੌਂਹਦਰਾਂ ਨਾਲ ਆਪਣੀਆਂ ਗੱਲਾਂ ਝਰੀਟ ਲਿੱਤੀਆਂ। ਮੱਛਰ ਫੜ ਨਾ ਹੁੰਦਾ। ਸ਼ੇਰ ਮੁੜ ਮੁੜ ਆਪਣੇ ਚਿਹਰੇ ਨੂੰ ਜ਼ਖ਼ਮੀ ਕਰ-ਕਰ ਹਫ

ਗਿਆ। ਚਿਹਰਾ ਲਹੂ-ਲੁਹਾਨ ਹੋ ਗਿਆ। ਅੱਖਾਂ ਵੀ ਲਹੂ ਨਾਲ ਭਰ ਗਈਆਂ। ਸ਼ੇਰ ਨਿਢਾਲ ਤੇ ਬੇਬਸ ਹੋਇਆ ਥੱਕ ਗਿਆ ਤੇ ਡਿੱਗ ਪਿਆ। ਮੱਛਰ ਭੀਂ-ਭੀਂ ਕਰਦਾ ਜਿੱਤ ਗਿਆ ਤੇ ਉਡ ਗਿਆ।

"ਵੇਖਿਆ, ਹੁਸਨ। ਸ਼ੇਰ ਦਾ ਹੰਕਾਰ ਮੱਛਰ ਨੇ ਤੋੜ ਦਿੱਤਾ। ਨਿੱਕਾ ਮੱਛਰ ਜਿੱਤਿਆ ਤੇ ਸ਼ੇਰ ਹਾਰਿਆ। ਮੁੱਕੀ ਬਾਤ, ਹੋ ਗਈ ਰਾਤ।" "ਧੰਨਵਾਦ, ਦਾਦਾ ਜੀ" ਹੁਸਨਵੀਰ ਨੂੰ ਕਹਾਣੀ ਪਸੰਦ ਆਈ ਤੇ ਹੁੰਗਾਰਾ ਭਰਦਾ-ਭਰਦਾ ਸੌਂ ਗਿਆ।

# ਬਾਰਾਂਸਿੰਗਾ ਨੂੰ ਆਈ ਸਮਝ

ਬੜੀ ਪੁਰਾਣੀ ਗੱਲ ਹੈ। ਇੱਕ ਬਾਰਾਂਸਿੰਗਾ ਇਕ ਜੰਗਲ ਦੇ ਨੇੜੇ ਇੱਕ ਖੁੱਲ੍ਹੇ ਮੈਦਾਨ 'ਚ ਹਰਾ-ਹਰਾ ਘਾਹ ਚਰ ਰਿਹਾ ਸੀ। ਉਹ ਬਹੁਤ ਖ਼ੁਸ਼ ਸੀ ਕਿ ਘਾਹ ਨਾਲ ਪੂਰਾ ਰੱਜ ਆ ਜਾਵੇਗਾ। ਏਨੇ ਨੂੰ ਜੰਗਲ 'ਚੋਂ ਇੱਕ ਚੀਤਾ ਉਸ ਨੂੰ ਦਬੋਚਣ ਲਈ ਆ ਨਿਕਲਿਆ। ਬਾਰਾਂਸਿੰਗਾ ਨੇ ਤੁਰੰਤ ਉੱਥੋਂ ਭੱਜਣ ਦੀ ਕੀਤੀ। ਚੀਤੇ ਨੇ ਵੀ ਉਸ ਨੂੰ ਪਕੜਨ ਦੀ ਪੂਰੀ ਕੋਸ਼ਿਸ਼ ਕੀਤੀ ਪਰੰਤੂ ਬਾਰਾਂਸਿੰਗਾ ਆਪਣੇ ਪੈਰਾਂ ਤੇ ਲੱਤਾਂ ਦੀ ਤਾਕਤ ਕਾਰਨ ਚੀਤੇ ਤੋਂ ਆਪਣੀ ਜਾਨ ਬਚਾਉਣ 'ਚ ਕਾਮਯਾਬ ਹੋ ਗਿਆ। "ਵੇਖਿਆ ਮੇਰੀਆਂ ਲੱਤਾਂ ਦਾ ਕਮਾਲ, ਚੀਤਾ ਮੈਨੂੰ ਫੜ ਨਹੀਂ ਸਕਿਆ, ਨੇੜੇ ਬੈਠੇ ਖਰਗੋਸ਼ ਨਾਲ ਗੱਲਾਂ ਕਰਨ ਲੱਗਾ। ਇਹ ਸਿੰਗ ਤਾਂ ਰੱਬ ਨੇ ਮੇਰੇ ਸਿਰ 'ਤੇ ਐਵੇਂ ਭਾਰ ਦਾ ਪਹਾੜ ਬਣਾ ਦਿੱਤੇ, ਨਹੀਂ ਤਾਂ ਹੋਰ ਵੀ ਤੇਜ਼ ਦੌੜਦਾ।"

ਖਰਗੋਸ਼ ਉਸ ਦੀਆਂ ਗੱਲਾਂ ਸੁਣ ਕੇ ਹੱਸਦਾ ਰਿਹਾ। "ਰਚਨਹਾਰੇ ਨੂੰ ਕੋਸਣਾ ਚੰਗਾ ਨਹੀਂ ਹੁੰਦਾ", ਹੌਲੀ ਜਿਹੇ ਖਰਗੋਸ਼ ਨੇ ਕਿਹਾ।

ਕੁਝ ਦਿਨ ਪਿੱਛੋਂ ਬਾਰਾਂਸਿੰਗਾ ਇੱਕ ਨਦੀ 'ਚੋਂ ਪਾਣੀ ਪੀ ਰਿਹਾ ਸੀ। ਦੋ ਲੂੰਬੜ ਵੀ ਉੱਥੇ ਪਾਣੀ ਪੀਣ ਆ ਗਏ। ਲੂੰਬੜ ਕਹਿਣ ਲੱਗੇ ਤੂੰ ਪਾਣੀ ਜੂਠਾ ਕਰ ਰਿਹਾ ਹੈਂ ਤੇ ਸਾਨੂੰ ਪਾਣੀ ਪਹਿਲਾਂ ਪੀਣਾ ਹੈ। ਅਸੀਂ ਦੋ ਹਾਂ, ਸਾਡਾ ਹੱਕ ਪਹਿਲਾਂ ਹੈ।

ਬਾਰਾਂਸਿੰਗਾ ਨੂੰ ਗੁੱਸਾ ਆਇਆ। ਲੂੰਬੜ ਵੀ ਕ੍ਰੋਧ 'ਚ ਆ ਗਏ। ਬਹਿਸ ਕਰਦੇ-ਕਰਦੇ ਉਨ੍ਹਾਂ ਦੀ ਲੜਾਈ ਸ਼ੁਰੂ ਹੋ ਗਈ। ਲੂੰਬੜਾਂ ਨੇ ਸੋਚਿਆ ਅਸੀਂ ਬਾਰਾਂਸਿੰਗਾ ਨੂੰ ਭਜਾ ਦੇਵਾਂਗੇ। ਬਾਰਾਂਸਿੰਗਾ ਦੇ ਸਿੰਗ ਬੜੇ ਤਿੱਖੇ ਸਨ। ਉਸ ਨੇ ਜ਼ੋਰ-ਜ਼ੋਰ ਦੀ ਹਮਲਾ ਕਰ ਕੇ ਲੂੰਬੜਾਂ ਨੂੰ ਜਖ਼ਮੀ ਕਰ ਦਿੱਤਾ। ਲੂੰਬੜਾਂ ਦਾ ਬੁਰਾ ਹਾਲ ਹੋ ਗਿਆ। ਉਨ੍ਹਾਂ ਨੂੰ ਆਪਣੀ ਜਾਨ ਖਤਰੇ ਵਿੱਚ ਲੱਗੀ। ਮੁਆਫ਼ੀ ਮੰਗ ਕੇ ਉਨ੍ਹਾਂ ਨੇ ਆਪਣੀ ਗ਼ਲਤੀ ਮੰਨੀ ਤੇ ਜਾਨ ਬਚਾਈ। ਉਥੋਂ ਭੱਜ ਗਏ।

ਬਾਰਾਂਸਿੰਗਾ ਨੂੰ ਵੀ ਸਮਝ ਆ ਗਈ ਕਿ ਜੇਕਰ ਮੇਰੇ ਸਿੰਗ ਨਾ ਹੁੰਦੇ ਤਾਂ ਮੈਂ ਦੋਵੇਂ ਲੂੰਬੜਾਂ ਦਾ ਮੁਕਾਬਲਾ ਨਾ ਕਰ ਸਕਦਾ। ਉਸ ਨੂੰ ਖਰਗੋਸ਼ ਦੇ ਆਖੇ ਬੋਲ ਯਾਦ ਆਏ। "ਰਚਨਹਾਰੇ ਨੂੰ ਕੋਸਣਾ ਚੰਗਾ ਨਹੀਂ ਹੁੰਦਾ।"

# ਪੈੜਾਂ ਦੀ ਪਛਾਣ

ਜੰਗਲ ਦਾ ਬਾਦਸ਼ਾਹ ਸ਼ੇਰ ਭੁੱਖਾ ਹੋ ਗਿਆ ਸੀ। ਹੁਣ ਉਸ ਦੀ ਤਾਕਤ ਮੱਠੀ ਪੈ ਗਈ ਸੀ। ਆਪਣੀ ਭੁੱਖ ਮਿਟਾਉਣ ਲਈ ਜੀਵਾਂ ਦਾ ਸ਼ਿਕਾਰ ਕਰਨਾ ਮੁਸ਼ਕਲ ਹੋ ਗਿਆ ਸੀ। ਕਿੰਨੇ-ਕਿੰਨੇ ਦਿਨ ਭੁੱਖ ਸਹਿਣੀ ਔਖੀ ਹੋ ਗਈ ਸੀ। ਸੋਚ ਸੋਚ, ਸ਼ੇਰ ਨੇ ਇਕ ਬਹਾਨਾ ਘੜਿਆ। ਝੂਠੀ-ਮੂਠੀ ਉਸ ਨੇ ਜੰਗਲ ਦੇ ਜਾਨਵਰਾਂ ਦੀ ਹਮਦਰਦੀ ਜਿੱਤਣ ਲਈ ਐਲਾਨ ਕੀਤਾ ਕਿ ਮੈਂ ਬਿਮਾਰ ਹਾਂ। ਮੈਂ ਹੁਣ ਗੁਫਾ ਵਿੱਚ ਹੀ ਰਿਹਾ ਕਰਾਂਗਾ। ਉਸ ਨੇ ਗੁਫ਼ਾ ਤੋਂ ਬਾਹਰ ਇਕ ਸਾਫ਼-ਪੱਧਰੀ ਕੱਚੀ ਪਹੀ ਬਣਵਾ ਦਿੱਤੀ ਤੇ ਉਸ ਨੂੰ ਸੁੰਦਰ ਵੀ ਬਣਵਾ ਦਿੱਤਾ। ਜਾਨਵਰਾਂ ਨੂੰ ਖ਼ਬਰਸਾਰ ਲੈਣ ਲਈ ਸਵੇਰ ਦਾ ਸਮਾਂ ਵੀ ਨਿਸ਼ਚਿਤ ਕਰ ਦਿੱਤਾ। ਜਾਨਵਰਾਂ ਨੂੰ ਜੰਗਲ ਦੇ ਬਾਦਸ਼ਾਹ ਨਾਲ ਹਮਦਰਦੀ ਹੋਣ ਲੱਗੀ। ਹਰ ਕੋਈ ਖ਼ਬਰਸਾਰ ਲੈਣ ਜਾਂਦਾ। ਬਾਦਸ਼ਾਹ ਸ਼ੇਰ ਆਪਣੀ ਚਲਾਕੀ ਦਾ ਲਾਭ ਉਠਾਈ ਗਿਆ। ਆਪਣੀ ਗੁਫ਼ਾ 'ਚ ਬੈਠਿਆ ਹੀ ਸ਼ਿਕਾਰ ਕਰ ਕੇ ਢਿੱਡ ਭਰੀ ਜਾਂਦਾ।

ਇੱਕ ਦਿਨ ਇੱਕ ਬੁੱਢੀ ਲੂੰਮੜੀ ਨੇ ਵੀ ਸ਼ੇਰ ਦੀ ਖ਼ਬਰਸਾਰ ਲੈਣ ਦੀ ਸੋਚੀ। ਲੂੰਮੜ ਤੇ ਲੂੰਮੜੀ ਪਰਿਵਾਰ ਵੀ ਪਿੱਛੇ ਕਿਉਂ ਰਹੇ, ਬੁੱਢੀ ਲੂੰਮੜੀ ਨੇ ਸਲਾਹ ਬਣਾਈ।

ਦਿਨ ਚੜ੍ਹਿਆ, ਸਵੇਰ ਹੋਈ, ਬੁੱਢੀ ਲੂੰਬੜੀ ਸ਼ੇਰ ਦੀ ਗੁਫ਼ਾ ਵੱਲ ਹੋ ਤੁਰੀ। ਉਸ ਨੂੰ ਸ਼ੇਰ ਤੋਂ ਡਰ ਵੀ ਸੀ। ਕਿਤੇ ਗੁੱਸੇ 'ਚ ਸ਼ਿਕਾਰ ਹੀ ਨਾ ਕਰ ਲਵੇ। ਕਹਿੰਦੇ ਨੇ ਭੁੱਖ ਬੁਰੀ। ਲੂੰਬੜੀ ਨੇ ਬੜੇ ਧਿਆਨ ਨਾਲ ਗੁਫ਼ਾ ਨੂੰ ਜਾਂਦੀ ਪਹੀ ਨੂੰ ਘੋਖਿਆ। ਲੂੰਬੜੀ ਨੂੰ ਵੱਖ-ਵੱਖ ਜਾਨਵਰਾਂ ਦੇ ਖੁਰਾਂ ਤੇ ਪੈਰਾਂ ਦੀਆਂ ਨਿਸ਼ਾਨੀਆਂ ਦਾ ਪਤਾ ਸੀ। ਲੂੰਬੜੀ ਸ਼ੇਰ ਦੀ ਗੁਫ਼ਾ ਦੇ ਬਾਹਰ ਖੜੋ ਗਈ ਤੇ ਹਲ-ਚਾਲ ਪੁੱਛਣ ਲੱਗੀ। ਸ਼ੇਰ ਨੇ ਉਸ ਨੂੰ ਗੁਫ਼ਾ ਅੰਦਰ ਆਉਣ ਲਈ ਕਿਹਾ। ਉਹ ਸ਼ੇਰ ਦੀ ਚਲਾਕੀ ਸਮਝ ਗਈ। "ਮੈਂ ਅੰਦਰ ਨਹੀਂ ਆਵਾਂਗੀ ਕਿਉਂਕਿ ਗੁਫ਼ਾ ਦੇ ਅੰਦਰ ਆਉਣ ਵਾਲੇ ਜਾਨਵਰਾਂ ਦੀਆਂ ਪੈੜਾਂ ਤਾਂ ਹਨ ਪਰੰਤੂ ਬਾਹਰ ਨਿਕਲਣ ਵਾਲੇ ਕਿਸੀ ਵੀ ਜਾਨਵਰ ਦੀ ਪੈੜ ਨਹੀਂ", ਲੂੰਬੜੀ ਨੇ ਸ਼ੇਰ ਨੂੰ ਕਹਿ ਕੇ ਉਥੋਂ ਭੱਜਣ ਦੀ ਕੀਤੀ। ਸ਼ੇਰ ਦੇਖਦਾ ਹੀ ਰਹਿ ਗਿਆ। ਕੁਝ ਦਿਨਾਂ ਪਿੱਛੋਂ ਭੁੱਖੇ ਸ਼ੇਰ ਦੀ ਮੌਤ ਹੋ ਗਈ।

# ਮਿੱਠੇ ਅੰਗੂਰ
## ਇਨ੍ਹਾਂ ਕਹਾਣੀਆਂ ਦੀ ਮਹੱਤਤਾ

ਮਨੁੱਖ ਸ਼ੁਰੂ ਤੋਂ ਹੀ ਕੁਦਰਤ ਕੋਲੋਂ ਸਿੱਖਦਾ ਰਿਹਾ ਹੈ। ਰੁੱਖ, ਬੂਟੇ ਤੇ ਫੁੱਲ ਉਸ ਨੂੰ ਪ੍ਰਭਾਵਤ ਕਰਦੇ ਰਹੇ ਹਨ। ਜੰਗਲਾਂ 'ਚ ਜਾਨਵਰ ਜੀਵ, ਪੰਛੀ ਤੇ ਕੀੜੇ-ਮਕੌੜੇ ਆਪਣਾ ਜੀਵਨ ਜਿਊਂਦੇ ਹਨ। ਉਨ੍ਹਾਂ ਦਾ ਆਪਣਾ ਸੰਸਾਰ ਹੈ। ਉਨ੍ਹਾਂ ਤੋਂ ਬੜਾ ਕੁਝ ਸਿੱਖਿਆ ਜਾ ਸਕਦਾ ਹੈ।

ਬੱਚਿਆਂ ਨੂੰ ਜਾਨਵਰਾਂ, ਪੰਛੀਆਂ ਤੇ ਜੀਵਾਂ ਤੋਂ ਚੰਗੀਆਂ ਸਿੱਖਿਆਵਾਂ ਦੇਣ ਲਈ ਜਨੌਰ ਤੇ ਪੰਛੀ ਕਹਾਣੀਆਂ ਬਹੁਤ ਲਾਭਕਾਰੀ ਹਨ। ਇਹ ਕਹਾਣੀਆਂ ਰੌਚਿਕ ਵੀ ਹਨ ਅਤੇ ਚੰਗੀਆਂ ਕਦਰਾਂ-ਕੀਮਤਾਂ ਅਤੇ ਚੰਗੀਆਂ-ਆਦਤਾਂ ਗ੍ਰਹਿਣ ਕਰਨ ਲਈ ਪ੍ਰੇਰਨਾਦਾਇਕ ਵੀ ਹਨ।

ਇਨ੍ਹਾਂ ਕਹਾਣੀਆਂ ਰਾਹੀਂ ਜਾਨਵਰਾਂ, ਪੰਛੀਆਂ ਤੇ ਜੀਵਾਂ ਬਾਰੇ ਜਾਣਕਾਰੀ ਵੀ ਮਿਲਦੀ ਹੈ। ਪਰ-ਉਪਕਾਰ, ਦਿਆਲਤਾ, ਸਿਆਣਪ ਅਤੇ ਅਕਲਮੰਦੀ ਨਾਲ ਔਕੜਾਂ ਹੱਲ ਹੋ ਸਕਦੀਆਂ ਹਨ। ਕ੍ਰੋਧ, ਈਰਖਾ, ਲਾਲਚ, ਹੰਕਾਰ, ਘਮੰਡ ਆਦਿ ਨੂੰ ਤਿਆਗਣ ਨਾਲ ਸਮੱਸਿਆਵਾਂ ਹੱਲ ਹੋ ਸਕਦੀਆਂ ਹਨ। ਨੇਕ ਤੇ ਚੰਗਾ ਇਨਸਾਨ ਬਣਨ ਲਈ ਇਨ੍ਹਾਂ ਕਹਾਣੀਆਂ ਰਾਹੀਂ ਬੱਚਿਆਂ ਨੂੰ ਰੌਚਿਕ ਤੇ ਸਰਲ ਭਾਸ਼ਾ ਵਿੱਚ ਸਮਝਾਉਣਾ ਕਹਾਣੀ ਮਾਧਿਅਮ ਇੱਕ ਚੰਗਾ ਸਾਧਨ ਹੈ।

ਉੱਘੇ ਲੇਖਕ ਮਨਮੋਹਨ ਸਿੰਘ ਦਾਊਂ ਦੀਆਂ ਇਹ ਕਹਾਣੀਆਂ ਪ੍ਰਸੰਸਾਯੋਗ ਹਨ ਤੇ ਉਚੇਚੇ ਤੌਰ 'ਤੇ ਰਚੀਆਂ ਗਈਆਂ ਹਨ।

ਪ੍ਰਕਾਸ਼ਕ

# ਮਿੱਠੇ ਅੰਗੂਰ

ਜੰਗਲ ਦੇ ਨੇੜੇ ਇੱਕ ਪਿੰਡ ਸੀ। ਪਿੰਡ ਵਿੱਚ ਇੱਕ ਕਿਸਾਨ ਰਹਿੰਦਾ ਸੀ। ਉਸ ਦਾ ਪਰਿਵਾਰ ਖੇਤੀ ਕਰਦਾ ਸੀ। ਨਵੀਂ ਖੇਤੀ ਦੇ ਢੰਗ ਵਰਤਦਾ ਸੀ। ਉਸ ਨੇ ਆਪਣਾ ਰੈਣ-ਬਸੇਰਾ ਆਪਣੇ ਖੇਤਾਂ ਵਿੱਚ ਹੀ ਕੀਤਾ ਹੋਇਆ ਸੀ। ਖੁੱਲ੍ਹਾ-ਡੁੱਲ੍ਹਾ ਮਕਾਨ ਸੀ। ਫਸਲਾਂ ਬੀਜਣ ਦੇ ਨਾਲ-ਨਾਲ ਉਹ ਕਿਸਾਨ ਫਲਾਂ ਦੀ ਖੇਤੀ ਵੀ ਕਰਦਾ ਸੀ।

ਉਸ ਨੇ ਆਪਣੇ ਇੱਕ ਖੇਤ ਵਿੱਚ ਅੰਗੂਰਾਂ ਦੀਆਂ ਵੇਲਾਂ ਵੀ ਲਾਈਆਂ ਹੋਈਆਂ ਸਨ ਤੇ ਵੇਲਾਂ ਨੂੰ ਲੋਹੇ ਦੇ ਜੰਗਲੇ 'ਤੇ ਚੜ੍ਹਾਇਆ ਹੋਇਆ ਸੀ ਤਾਂ ਜੋ ਅੰਗੂਰਾਂ ਦੇ ਗੁੱਛਿਆਂ ਨੂੰ ਤੋੜਨ ਵੇਲੇ ਸੌਖ ਰਹੇ।

ਗਰਮੀ ਦੀ ਰੁੱਤ ਆ ਗਈ ਸੀ। ਅੰਗੂਰਾਂ ਦੀਆਂ ਵੇਲਾਂ ਫਲ ਗਈਆਂ ਸਨ। ਅੰਗੂਰਾਂ ਦੇ ਗੁੱਛੇ ਵੇਖ ਕੇ ਕਿਸਾਨ ਦੇ ਬੱਚੇ ਬੜੇ ਖ਼ੁਸ਼ ਹੁੰਦੇ। ਵੇਲਾਂ ਦੀ ਸਾਂਭ-ਸੰਭਾਲ ਚੰਗੀ ਹੋਣ ਕਾਰਨ, ਇਸ ਵਾਰੀ ਅੰਗੂਰ ਮਿੱਠੇ ਵੀ ਬਹੁਤ ਸਨ। ਚੰਗੀ ਫਸਲ ਦੀ ਵੱਟਤ ਵੀ ਚੰਗੀ ਹੋਈ ਸੀ। ਪਿੰਡ ਤੋਂ ਸ਼ਹਿਰ ਵੀ ਨੇੜੇ ਸੀ। ਕਿਸਾਨ ਨੇ ਮਿਹਨਤ ਕਰਕੇ ਅੰਗੂਰਾਂ ਦੀਆਂ ਵੇਲਾਂ ਨੂੰ ਪਾਲਿਆ ਸੀ।

ਇੱਕ ਦਿਨ ਆਥਣ ਵੇਲੇ ਜੰਗਲ 'ਚੋਂ ਘੁੰਮਦੀ ਹੋਈ ਇੱਕ ਲੂੰਬੜੀ ਉਸ ਕਿਸਾਨ ਦੇ ਖੇਤ ਵਿਚ ਆ ਪੁੱਜੀ। ਅੰਗੂਰਾਂ ਦੇ ਗੁੱਛੇ ਵੇਖਕੇ ਉਸ ਦੇ ਮੂੰਹ ਵਿਚ ਪਾਣੀ ਭਰ ਆਇਆ। ਭੁੱਖ ਵੀ ਉਸ ਨੂੰ ਡਾਢੀ ਲੱਗੀ ਹੋਈ ਸੀ। ਦੂਰ ਦੂਜੇ ਖੇਤ ਵਿੱਚ ਕਿਸਾਨ ਤੇ ਉਸ ਦੇ ਬੱਚੇ ਸਬਜ਼ੀਆਂ ਤੋੜ ਰਹੇ ਸਨ। ਐਤਵਾਰ ਦਾ ਦਿਨ ਸੀ।

ਬੁੱਢੀ ਲੂੰਬੜੀ ਸਿਆਣੀ ਸੀ। ਉਸ ਨੇ ਅੰਗੂਰ ਚੋਰੀ ਕਰਕੇ ਖਾਣੇ ਠੀਕ ਨਾ ਸਮਝੇ। ਉਸ ਨੇ ਵੇਖਿਆ ਕਿ ਕਿਸਾਨ ਤੇ ਉਸ ਦੇ ਬੱਚੇ ਕਿੰਨੀ ਮਿਹਨਤ ਕਰ ਰਹੇ ਹਨ। ਸੱਚਮੁੱਚ ਕਿਸਾਨ ਅੰਨਦਾਤਾ ਹੁੰਦਾ ਹੈ। "ਚਲੋ, ਮੈਂ ਜੰਗਲ 'ਚੋਂ ਕੁਝ ਹੋਰ ਖਾ ਲਵਾਂਗੀ। ਮੇਰਾ ਅੰਗੂਰਾਂ 'ਤੇ ਹੱਕ ਨਹੀਂ।" ਇਹ ਸੋਚ ਮਿੱਠੇ-ਮਿੱਠੇ ਅੰਗੂਰ ਛੱਡ, ਲੂੰਬੜੀ ਜੰਗਲ ਨੂੰ ਮੁੜ ਗਈ।

# ਘੁੱਗੀ ਤੇ ਲੂੰਬੜੀ

ਇੱਕ ਦਿਨ ਇੱਕ ਘੁੱਗੀ ਇੱਕ ਰੁੱਖ 'ਤੇ ਬੈਠੀ ਸੀ। ਮੌਸਮ ਬੜਾ ਚੰਗਾ ਸੀ। ਹਵਾ ਰੁਕਮ ਰਹੀ ਸੀ। ਘੁੱਗੀ ਦਾ ਦਿਲ ਗਾਉਣ ਨੂੰ ਕੀਤਾ। "ਘੁੱਗੂ-ਘੂੰ, ਤੂੰਹੀਂ ਤੂੰ।" ਦੀ ਅਵਾਜ਼ ਜੰਗਲ 'ਚ ਗੂੰਜਣ ਲੱਗੀ। ਇਹ ਮਿੱਠੀ ਆਵਾਜ਼ ਸੁਣ ਕੇ ਇਕ ਲੂੰਬੜੀ ਉੱਥੇ ਆ ਪੁੱਜੀ। ਉਸ ਨੇ ਘੁੱਗੀ ਨੂੰ ਤੱਕਿਆ। ਲੂੰਬੜੀ ਦੇ ਮਨ ਵਿੱਚ ਘੁੱਗੀ ਨੂੰ ਖਾਣ ਦੀ ਲਾਲਸਾ ਜਾਗ ਪਈ। ਉਸ ਨੇ ਢੰਗ ਸੋਚਿਆ ਕਿ ਜੇਕਰ ਘੁੱਗੀ ਥੱਲੇ ਉਤਰ ਆਵੇ ਤਾਂ ਸ਼ਿਕਾਰ ਕਰਨਾ ਸੌਖਾ ਹੈ।

ਲੂੰਬੜੀ ਨੇ ਘੁੱਗੀ ਦੀ ਆਵਾਜ਼ ਦੀ ਪ੍ਰਸੰਸਾ ਕਰਨੀ ਸ਼ੁਰੂ ਕਰ ਦਿੱਤੀ। "ਭੈਣ ਘੁੱਗੀਏ, ਤੂੰ ਤਾਂ ਬਹੁਤ ਮਿੱਠਾ ਗਾਉਂਦੀ ਐਂ। ਤੇਰੀ ਆਵਾਜ਼ ਤਾਂ ਕੋਇਲ ਤੋਂ ਵੀ ਪਿਆਰੀ ਹੈ। ਕਿੰਨਾ ਚੰਗਾ ਹੋਵੇ ਜੇ ਤੂੰ ਮੇਰੇ ਕੋਲ ਬੈਠ ਕੇ ਗਾਵੇਂ। ਮੈਂ ਤਾੜੀ ਵਜਾਵਾਂਗੀ। ਸਾਰੇ ਜਾਨਵਰ ਖੁਸ਼ ਹੋ ਜਾਣਗੇ।" ਲੂੰਬੜੀ ਨੇ ਕਹਿਣਾ ਸ਼ੁਰੂ ਕੀਤਾ।

"ਮੈਨੂੰ ਤਾਂ ਜੰਗਲ ਦੇ ਜਾਨਵਰਾਂ ਤੋਂ ਬਹੁਤ ਡਰ ਲੱਗਦਾ ਹੈ। ਮੈਨੂੰ ਉਹ ਖਾ ਲੈਣਗੇ। ਮੈਂ ਤਾਂ ਰੁੱਖ 'ਤੇ ਹੀ ਰਹਿਣਾ ਚਾਹੁੰਦੀ ਹਾਂ", ਘੁੱਗੀ ਨੇ ਆਪਣਾ ਡਰ ਸਾਂਝਾ ਕੀਤਾ।

"ਨਹੀਂ, ਨਹੀਂ, ਹੁਣ ਜਾਨਵਰਾਂ ਤੇ ਪੰਛੀਆਂ ਨੇ ਫੈਸਲਾ ਕਰ ਲਿਆ ਹੈ ਕਿ ਅਮਨ-ਸ਼ਾਂਤੀ ਨਾਲ ਰਹਿਣਾ ਹੈ। ਕਿਸੇ ਨੂੰ ਦੁੱਖ ਨਹੀਂ ਦੇਣਾ ਤੇ ਹਰ ਇੱਕ ਨੂੰ ਜੰਗਲ 'ਚ ਰਹਿਣ ਦਾ ਅਧਿਕਾਰ ਹੈ। ਨਾਲੇ ਤੈਨੂੰ ਤਾਂ ਸਾਰੇ ਅਮਨ ਦੀ ਘੁੱਗੀ ਕਹਿਕੇ ਸਤਿਕਾਰ ਦੇਂਦੇ ਹਨ। ਤੇਰਾ ਗੀਤ ਵੀ ਅਮਨ ਦਾ ਸੰਦੇਸ਼ ਦਿੰਦਾ ਹੈ। ਤੂੰ ਮੇਰੀ ਗੱਲ ਮੰਨ। ਦੂਜੇ ਜਾਨਵਰ ਤੇਰਾ ਸਨਮਾਨ ਵੀ ਕਰਨਗੇ", ਲੂੰਬੜੀ ਨੇ ਦਲੀਲਾਂ ਦੇ ਕੇ ਘੁੱਗੀ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ। ਘੁੱਗੀ ਨੇ ਧੋਖੇਬਾਜ਼ਾਂ ਬਾਰੇ ਸੁਣਿਆ ਹੋਇਆ ਸੀ। "ਮੈਂ ਸਮਝ ਗਈ ਭੈਣ ਲੂੰਬੜੀਏ, ਤੈਨੂੰ ਹੁਣ ਕੁੱਤਿਆਂ ਤੋਂ ਡਰ ਨਹੀਂ ਲਗਦਾ।"

ਏਨੇ ਨੂੰ ਉੱਥੇ ਕੁੱਤਿਆਂ ਦੇ ਆਉਣ ਦੀ ਆਵਾਜ਼ ਲੂੰਬੜੀ ਦੇ ਕੰਨੀਂ ਪਈ। ਖਤਰਾ ਸਾਹਮਣੇ ਸੀ। ਏਨੇ ਕੁੱਤਿਆਂ ਦਾ ਮੁਕਾਬਲਾ ਕਿਵੇਂ ਹੋ ਸਕਦਾ ਸੀ। ਲੂੰਬੜੀ ਨੇ ਝੱਟ ਭੱਜਣ ਦੀ ਕੀਤੀ ਤੇ ਉੱਥੋਂ ਤਿੱਤਰ ਹੋ ਗਈ। ਲੂੰਬੜੀ ਭੱਜੀ ਜਾ ਰਹੀ ਸੀ ਤੇ ਰੁੱਖ ਤੇ ਬੈਠੀ ਘੁੱਗੀ ਹੱਸੀ ਤੇ ਘੁੱਗੂ-ਘੂੰ..... ਗਾਉਂਦੀ ਰਹੀ।

# ਬਿੱਲੀ ਤੇ ਲੂੰਬੜੀ

ਮੌਸਮ ਬਹੁਤ ਸੁਹਾਵਣਾ ਸੀ। ਇੱਕ ਦਿਨ ਜੰਗਲ ਵਿੱਚ ਇੱਕ ਬਿੱਲੀ ਤੇ ਇੱਕ ਲੂੰਬੜੀ ਮਿਲ ਪਈਆਂ। ਲੂੰਬੜੀ ਦਾ ਸਰੀਰ ਬਿੱਲੀ ਨਾਲੋਂ ਤਕੜਾ ਸੀ।

ਲੂੰਬੜੀ ਨੂੰ ਆਪਣੀ ਅਕਲ ਤੇ ਚਲਾਕੀ 'ਤੇ ਘਮੰਡ ਸੀ। ਬਿੱਲੀ ਨੂੰ ਆਪਣੇ ਸੁਭਾਅ ਤੇ ਸਿਆਣਪ 'ਤੇ ਮਾਣ ਸੀ। ਦੋਵੇਂ ਗੱਲਾਂ ਕਰਨ ਲੱਗੀਆਂ ਆਪਣੀ ਆਪਣੀ ਤਾਕਤ ਦਾ ਸਬੂਤ ਦੇ ਦੇਣ ਲੱਗੀਆਂ। ਬਿੱਲੀ ਕਹਿਣ ਲੱਗੀ ਕਿ ਮੈਂ ਜੰਗਲੀ ਕੁੱਤਿਆਂ ਤੋਂ ਨਹੀਂ ਡਰਦੀ। ਮੈਨੂੰ ਤਾਂ ਇੱਕ ਚਾਲ ਆਉਂਦੀ। ਉਹ ਚਾਲ ਮੈਂ ਆਪਣੀ ਮਾਂ ਕੋਲੋਂ ਸਿੱਖੀ ਸੀ ਕਿ ਔਕੜ ਵੇਲੇ ਕਿਵੇਂ ਜਾਨ ਬਚਾਉਣੀ ਹੈ। ਜਾਨ ਬਚ ਗਈ ਤਾਂ ਸਭ ਕੁਝ ਬਚ ਗਿਆ।

ਲੂੰਬੜੀ ਪਹਿਲਾਂ ਤਾਂ ਬਿੱਲੀ ਦੀਆਂ ਗੱਲਾਂ ਸੁਣ ਕੇ ਹੱਸੀ। ਇੱਕ ਚਾਲ ਨਾਲ ਕਿਵੇਂ ਜਾਨ ਬਚ ਸਕਦੀ ਹੈ। ਜੰਗਲ ਵਿੱਚ ਤਾਂ ਕੁੱਤਿਆਂ ਤੋਂ ਬਿਨਾਂ ਹੋਰ ਵੀ ਜਾਨਵਰ ਹਨ। "ਬਿੱਲੀ ਤੂੰ ਤਾਂ ਮੂਰਖ ਹੈਂ। ਮੇਰੇ ਕੋਲ ਤਾਂ ਪੰਜਾਹ ਚਾਲਾਂ ਹਨ ਜਾਨ ਬਚਾਉਣ ਦੀਆਂ, ਮੈਂ ਕਿਵੇਂ ਮਾਰ ਖਾ ਸਕਦੀ ਹਾਂ। ਮੇਰਾ ਕੋਈ ਮੁਕਾਬਲਾ ਕਿਵੇਂ ਕਰ ਸਕਦਾ ਹੈ। ਮੈਨੂੰ ਤਦੇ ਤਾਂ ਚਲਾਕ ਕਹਿੰਦੇ ਹਨ", ਲੂੰਬੜੀ ਨੇ ਬੜੇ ਹੰਕਾਰ ਨਾਲ ਕਿਹਾ। ਦੋਵੇਂ ਜਣੀਆਂ ਅਜੇ ਗੱਲਾਂ ਕਰ ਹੀ ਰਹੀਆਂ ਸਨ, ਏਨੇ ਨੂੰ ਜੰਗਲੀ ਕੁੱਤਿਆਂ ਸਮੇਤ, ਸ਼ਿਕਾਰ ਕਰਨ ਲਈ ਇੱਕ ਘੋੜ ਸੁਆਰ ਉੱਥੇ ਧੂੜ ਪੁੱਟਦਾ ਆ ਪੁਹੰਚਿਆ। ਹੁਣ ਸ਼ਿਕਾਰੀ ਨੂੰ ਸ਼ਿਕਾਰ ਕਰਨ ਲਈ ਚੰਗਾ ਮੌਕਾ ਮਿਲ ਗਿਆ ਸੀ।

ਬਿੱਲੀ ਨੇ ਜਦੋਂ ਕੁੱਤਿਆਂ ਦੀ ਅਵਾਜ਼ ਸੁਣੀ, ਉਸ ਨੇ ਝੱਟ ਫੁਰਤੀ ਨਾਲ ਰੁੱਖ ਉੱਤੇ ਚੜ੍ਹਨ ਦੀ ਕੀਤੀ। ਲੂੰਬੜੀ ਆਪਣੀਆਂ ਪੰਜਾਹ ਚਾਲਾਂ 'ਚ ਘਿਰੀ ਰਹੀ ਤੇ ਜੰਗਲੀ ਕੁੱਤਿਆਂ ਨੇ ਉਸ 'ਤੇ ਧਾਵਾ ਬੋਲ ਦਿੱਤਾ। ਲੂੰਬੜੀ ਵਲੂੰਧਰੀ ਗਈ, ਉਸ ਦੀ ਕੋਈ ਪੇਸ਼ ਨਾ ਗਈ। ਬਿੱਲੀ ਰੁੱਖ 'ਤੇ ਬੈਠੀ ਸਭ ਕੁਝ ਵੇਖਦੀ ਰਹੀ।

# ਚਲਾਕ ਨਿੱਕੀ ਮੱਛੀ

ਇੱਕ ਮਛੇਰਾ ਸਮੁੰਦਰ 'ਤੇ ਗਿਆ। ਉਹ ਕਈ ਦਿਨਾਂ ਤੋਂ ਆਪਣੇ ਪਰਿਵਾਰ ਲਈ ਮੱਛੀਆਂ ਪਕੜਨ ਦੀ ਸੋਚ ਰਿਹਾ ਸੀ। ਸਮੁੰਦਰ ਠਾਠਾਂ ਮਾਰ ਰਿਹਾ ਸੀ। ਕਿਨਾਰੇ 'ਤੇ ਖਲੋ ਕੇ ਮਛੇਰਾ ਸਮੁੰਦਰ ਦੀਆਂ ਲਹਿਰਾਂ ਨੂੰ ਤੱਕਣ ਲੱਗਾ। ਉਸ ਨੂੰ ਮੱਛੀਆਂ ਨਜ਼ਰ ਨਹੀਂ ਸੀ ਆ ਰਹੀਆਂ। ਉਸ ਨੇ ਹਿੰਮਤ ਨਾ ਛੱਡੀ। ਭੁੱਖੇ ਬੱਚਿਆਂ ਦਾ ਖਿਆਲ ਉਸ ਨੂੰ ਵਾਰ -ਵਾਰ ਆ ਰਿਹਾ ਸੀ। ਸਮਾਂ ਵੀ ਕਾਫ਼ੀ ਹੋ ਗਿਆ ਸੀ। ਆਖ਼ਰ ਉਸ ਨੂੰ ਸਮੁੰਦਰ 'ਚ ਕੁਝ ਨਜ਼ਰੀਂ ਆਇਆ।

ਮਛੇਰੇ ਨੇ ਝੱਟ ਆਪਣਾ ਜਾਲ ਸਮੁੰਦਰ 'ਚ ਸੁੱਟ ਦਿੱਤਾ। ਜਾਲ ਨੂੰ ਘੁੱਟ ਕੇ ਪਕੜ ਰੱਖਿਆ। ਵੇਖਦੇ, ਵੇਖਦੇ ਇੱਕ ਮੱਛੀ ਜਾਲ ਵਿੱਚ ਫਸ ਗਈ। ਮੱਛੀ ਬਹੁਤ ਨਿੱਕੀ ਸੀ। ਉਸ ਨੇ ਮੱਛੀ ਨੂੰ ਜਾਲ 'ਚੋਂ ਕੱਢਣ ਦੀ ਸੋਚੀ।

ਨਿੱਕੀ ਮੱਛੀ ਨੂੰ ਆਪਣੀ ਮੌਤ ਨੇੜੇ ਆਉਂਦੀ ਦਿੱਸੀ। ਜਾਲ 'ਚੋਂ ਉਹ ਭੱਜ ਵੀ ਨਹੀਂ ਸੀ ਸਕਦੀ। ਉਸ ਨੂੰ ਆਪਣੀ ਜਾਨ ਪਿਆਰੀ ਸੀ। ਉਸ ਨੇ ਜਾਲ 'ਚ ਫੜ-ਫੜਾਹਟ ਕੀਤੀ। ਉਸ ਨੂੰ ਇੱਕ ਫੁਰਨਾ ਫਰਿਆ।

ਮਛੇਰੇ ਨੂੰ ਉਹ ਕਹਿਣ ਲੱਗੀ, "ਮੈਂ ਬਹੁਤ ਨਿੱਕੀ ਹਾਂ ਅਜੇ। ਮੈਨੂੰ ਤੂੰ ਇੱਕ ਹਫ਼ਤਾ ਸਮੁੰਦਰ 'ਚ ਹੀ ਰਹਿਣ ਦੇ। ਮੈਂ ਵੱਡੀ ਹੋ ਜਾਵਾਂਗੀ। ਤੇਰੇ ਪਰਿਵਾਰ ਦਾ ਗੁਜ਼ਾਰਾ ਚੰਗਾ ਹੋ ਜਾਵੇਗਾ। ਤੂੰ ਮੈਨੂੰ ਬਜ਼ਾਰ 'ਚ ਵੇਚ ਕੇ ਚੋਖੇ ਪੈਸੇ ਵੱਟ ਸਕਦਾ ਹੈਂ। ਮੇਰੀ ਗੱਲ ਮੰਨ, ਮੈਨੂੰ ਮੁੜ ਸਮੁੰਦਰ 'ਚ ਛੱਡ ਦੇ।

ਮਛੇਰਾ ਨਿੱਕੀ ਮੱਛੀ ਦੀਆਂ ਗੱਲਾਂ ਵਿੱਚ ਆ ਗਿਆ। ਵੱਡੀ ਮੱਛੀ ਦੇ ਸੁਪਨੇ ਲੈਣ ਲੱਗਿਆ। ਮਛੇਰੇ ਨੇ ਨਿੱਕੀ ਮੱਛੀ ਜਾਲ 'ਚੋਂ ਮੁੜ ਸਮੁੰਦਰ 'ਚ ਸੁੱਟ ਦਿੱਤੀ।

ਨਿੱਕੀ ਮੱਛੀ ਨੇ ਟਾ-ਟਾ ਕੀਤਾ ਤੇ ਸਮੁੰਦਰ 'ਚ ਗੁੰਮ ਹੋ ਗਈ।

# ਸੱਚੀ ਦੋਸਤੀ

ਪਹਾੜੀ ਇਲਾਕਾ ਸੀ। ਨੇੜੇ ਇੱਕ ਜੰਗਲ ਸੀ। ਪਹਾੜੀ ਤੇ ਇੱਕ ਪਿੰਡ ਵਸਿਆ ਹੋਇਆ ਸੀ। ਉਸ ਪਿੰਡ ਵਿੱਚ ਦੋ ਮੁੰਡੇ ਸੱਤਵੀਂ ਸ਼੍ਰੇਣੀ 'ਚ ਪੜ੍ਹਦੇ ਸਨ। ਉਹ ਗੂੜ੍ਹੇ ਮਿੱਤਰ ਸਨ। ਉਨ੍ਹਾਂ ਦੀ ਦੋਸਤੀ ਦੀ ਸਾਰੇ ਪ੍ਰਸੰਸਾ ਕਰਦੇ। ਪੜ੍ਹਨ ਵਿੱਚ ਵੀ ਉਹ ਇੱਕ ਦੂਜੇ ਦੀ ਮਦਦ ਕਰਦੇ। ਘਰ ਆ ਕੇ ਵੀ ਇਕੱਠੇ ਪੜ੍ਹਦੇ। ਇਕੱਠੇ ਹੀ ਖੇਡਦੇ। ਇੱਕ ਦੂਜੇ ਦੇ ਘਰ ਕੰਮ ਵਿੱਚ ਹੱਥ ਵਟਾਉਂਦੇ। ਉਨ੍ਹਾਂ ਦੇ ਮਾਪੇ ਵੀ ਬੜੇ ਖੁਸ਼ ਹੁੰਦੇ। ਦੋਵੇਂ ਭਰਾ ਭਰਾ ਲਗਦੇ।

ਐਤਵਾਰ ਦਾ ਦਿਨ ਸੀ। ਦੋਵੇਂ ਮਿੱਤਰਾਂ ਨੇ ਨੇੜੇ ਦੇ ਜੰਗਲ ਤੋਂ ਪੰਛੀਆਂ ਦੇ ਖੰਭ ਇਕੱਠੇ ਕਰਨ ਲਈ ਸੋਚੀ। ਅਸਲ ਵਿੱਚ ਉਹ ਪੰਛੀਆਂ ਦੇ ਖੰਭਾਂ ਦੀਆਂ ਐਲਬਮਾਂ ਬਣਾਉਣੀਆਂ ਚਾਹੁੰਦੇ ਸਨ। ਦੋਵੇਂ ਮਿੱਤਰ ਜੰਗਲ 'ਚੋਂ ਖੰਭ ਵੇਖ ਕੇ ਉਨ੍ਹਾਂ ਨੂੰ ਚਾਅ ਚੜ੍ਹ ਗਿਆ। ਘੁੱਗੀ, ਕਾਂ, ਚਿੜੀ, ਨੀਲਕੰਠ ਤੇ ਕਈ ਹੋਰ ਪੰਛੀਆਂ ਦੇ ਖੰਭ ਢੂੰਡਦੇ ਜੰਗਲ ਵਿਚਕਾਰ ਪੁੱਜ ਗਏ। ਪੰਛੀਆਂ ਦੀ ਚਹਿਕਣ ਦੀ ਆਵਾਜ਼ ਨਾਲ ਜੰਗਲ ਪਿਆਰਾ-ਪਿਆਰਾ ਲੱਗ ਰਿਹਾ ਸੀ। ਕੋਇਲ ਦੀ ਆਵਾਜ਼ ਬੜੀ ਸੁਰੀਲੀ ਆ ਰਹੀ ਸੀ। ਕੁਦਰਤ ਨੂੰ ਵੇਖ ਕੇ ਉਨ੍ਹਾਂ ਨੂੰ ਰੁੱਖਾਂ ਬਾਰੇ ਪੜ੍ਹੀਆਂ ਕਵਿਤਾਵਾਂ ਯਾਦ ਆ ਰਹੀਆਂ ਸਨ। ਜੰਗਲ 'ਚ ਕਈ ਜਾਨਵਰ ਵੀ ਰਹਿੰਦੇ ਸਨ। ਇੱਕ ਖਰਗੋਸ਼ ਉਨ੍ਹਾਂ ਦੇ ਨੇੜਿਓਂ ਦੌੜਦਾ-ਦੌੜਦਾ ਝਾੜੀਆਂ 'ਚ ਜਾ ਲੁਕਿਆ। ਇਕ ਬਟੇਰਾ ਵੀ ਫੁਰ-ਫੁਰ ਕਰਦਾ ਘਾਹ 'ਚ ਜਾ ਲੁਕਿਆ। ਉਨ੍ਹਾਂ ਦਾ ਜੀਅ ਕੀਤਾ ਕਿ ਫੋਟੋਆਂ ਉਤਾਰੀਆਂ ਜਾਣ ਪਰੰਤੂ ਕੈਮਰਾ ਤਾਂ ਉਹਨਾਂ ਕੋਲ ਨਹੀਂ ਸੀ। ਖੰਭਾਂ ਵਾਲੇ ਬੈਗ ਉਨ੍ਹਾਂ ਨੇ ਮੋਢਿਆਂ 'ਤੇ ਸਾਂਭ ਲਏ।

ਏਨੇ ਨੂੰ ਇੱਕ ਰਿੱਛ ਉਨ੍ਹਾਂ ਨੇ ਆਉਂਦਾ ਵੇਖਿਆ। ਉਹ ਡਰ ਗਏ। ਬਚਾਓ ਕਰਨਾ ਜ਼ਰੂਰੀ ਸੀ। ਦੌੜਨਾ ਠੀਕ ਨਹੀਂ ਸੀ। ਰੁੱਖ 'ਤੇ ਚੜ੍ਹਨਾ ਹੀ ਬਚਾਅ ਸੀ। ਉਨ੍ਹਾਂ 'ਚੋਂ ਇੱਕ ਦੋਸਤ ਲੰਮਾ ਸੀ ਤੇ ਉਹ ਰੁੱਖਾਂ 'ਤੇ ਚੜ੍ਹਨਾ ਜਾਣਦਾ ਸੀ। ਦੂਜਾ ਦੋਸਤ ਮਧਰਾ ਸੀ ਤੇ ਡਰੂ ਸੀ। ਉਸਨੂੰ ਰੁੱਖ 'ਤੇ ਚੜ੍ਹਨਾ ਨਹੀਂ ਸੀ

ਆਉਂਦਾ। ਲੰਮੇ ਕੱਦ ਵਾਲੇ ਨੂੰ ਤੁਰੰਤ ਗੱਲ ਫੁਰੀ। ਉਸ ਨੇ ਆਪਣੇ ਦੋਸਤ ਨੂੰ ਰੁੱਖ 'ਤੇ ਚੜ੍ਹਾ ਦਿੱਤਾ, ਟਾਹਣੇ ਨੂੰ ਫੜ ਕੇ, ਉਸ ਨੇ ਦੋਸਤ ਦਾ ਧੰਨਵਾਦ ਕੀਤਾ ਤੇ ਰੁੱਖ ਤੇ ਲੁਕ ਕੇ ਬੈਠ ਗਿਆ। ਲੰਮੇ ਦੋਸਤ ਨੇ ਫੁਰਤੀ ਨਾਲ ਰੁੱਖ 'ਤੇ ਚੜ੍ਹਨ ਦੀ ਕੀਤੀ। ਹੁਣ ਦੋਵੇਂ ਦੋਸਤ ਰੁੱਖ 'ਤੇ ਸੁਰੱਖਿਅਤ ਸਨ। ਰਿੱਛ ਰੁੱਖ ਨੇੜੇ ਆਇਆ। ਸੁੰਘਦਾ ਰਿਹਾ। ਦੋਸਤ ਰਿੱਛ ਨੂੰ ਚੁੱਪ-ਚਾਪ ਦੇਖਦੇ ਰਹੇ। ਆਖ਼ਰ ਰਿੱਛ ਉੱਥੋਂ ਜੰਗਲ 'ਚ ਭੱਜ ਗਿਆ। ਦੋਵੇਂ ਦੋਸਤ ਥੱਲੇ ਉਤਰੇ ਤੇ ਘਰ ਪੁੱਜ ਗਏ।

# ਚੰਗੇ ਮਾੜੇ ਦੀ ਪਰਖ

ਸੰਘਣੇ ਜੰਗਲ ਵਿੱਚ ਇੱਕ ਵੱਡਾ ਛੱਪੜ ਸੀ। ਛੱਪੜ ਵਿੱਚ ਡੱਡੂ, ਕੱਛੂ, ਮੱਛੀਆਂ, ਕੰਡੇਰੇ ਤੇ ਹੋਰ ਪਾਣੀ ਦੇ ਜੀਵ ਰਹਿੰਦੇ ਸਨ। ਸਭ ਨੂੰ ਆਪਣੀ-ਆਪਣੀ ਸੁਰੱਖਿਆ ਦਾ ਡਰ ਲੱਗਿਆ ਰਹਿੰਦਾ। ਡੱਡੂਆਂ ਨੇ ਸਲਾਹ ਕੀਤੀ ਕਿ ਸਾਡੀ ਦੇਖ-ਭਾਲ ਲਈ ਸਾਡਾ ਵੀ ਕੋਈ ਮਾਲਕ ਚਾਹੀਦਾ ਹੈ। ਰਾਜੇ, ਮਹਾਰਾਜਿਆਂ ਤੇ ਮਹਾਰਾਣੀਆਂ ਦੀਆਂ ਪਰਜਾ ਦੀ ਭਲਾਈ ਦੀਆਂ ਡੱਡੂਆਂ ਨੇ ਕਹਾਣੀਆਂ ਸੁਣੀਆਂ ਹੋਈਆਂ ਸਨ। ਸੋਚ-ਸੋਚ ਕੇ ਉਨ੍ਹਾਂ ਨੇ ਆਪਣੇ ਛੱਪੜ ਦੀ ਮਾਲਕ ਮਹਾਰਾਣੀ ਨੇ ਛੱਪੜ ਦੇ ਕੰਢੇ ਇੱਕ ਅੰਬ 'ਤੇ ਵਾਸਾ ਕਰ ਲਿਆ। ਉੱਥੇ ਬੈਠ ਕੇ ਉਹ ਸਭ ਕੁਝ ਵੇਖਦੀ ਰਹਿੰਦੀ।

ਇੱਕ ਦਿਨ ਘੁੱਗੀ ਨੇ ਆਪਣਾ ਅਮਨ ਦਾ ਗੀਤ ਸੁਣਾਇਆ। ਸਾਰਿਆਂ ਨੂੰ ਚੰਗਾ ਲੱਗਾ। ਸਭ ਨੂੰ ਰਲ-ਮਿਲ ਕੇ ਰਹਿਣ ਦੀ ਸਿੱਖਿਆ ਦਿੱਤੀ। ਕੋਈ ਕਿਸੇ 'ਤੇ ਆਪਣੀ ਧੌਂਸ ਨਾ ਜਮਾਏ। ਕਾਵਾਂ ਨੂੰ ਵੀ ਤਾੜਨਾ ਕੀਤੀ ਕਿ ਕਿਸੇ ਦੇ ਵੀ ਆਲ੍ਹਣੇ ਦੇ ਆਂਡਿਆਂ ਨੂੰ ਭੰਨਿਆ ਨਾ ਜਾਵੇ, ਖਾਇਆ ਨਾ ਜਾਵੇ। ਕਈ ਮਹੀਨੇ ਲੰਘ ਗਏ। ਸਾਰੇ ਖੁਸ਼ੀ-ਖੁਸ਼ੀ ਰਹਿਣ ਲੱਗੇ। ਘੁੱਗੀ ਨੇ ਆਪਣਾ ਨਰਮ ਵਤੀਰਾ ਰੱਖਿਆ, ਆਪਣੀ ਚੌਧਰ ਤੋਂ ਕੋਈ ਲਾਭ ਨਾ ਉਠਾਇਆ।

ਇੱਕ ਦਿਨ ਬੜਾ ਭੈੜਾ ਭਾਣਾ ਵਰਤਿਆ। ਇੱਕ ਸ਼ਿਕਾਰੀ ਉਸ ਜੰਗਲ ਵਿਚ ਸ਼ਿਕਾਰ ਖੇਡ ਰਿਹਾ ਸੀ। ਉਸ ਦਾ ਤੀਰ ਨਿਸ਼ਾਨਾ ਖੁੰਝ ਗਿਆ ਤੇ ਅੰਬ 'ਤੇ ਬੈਠੀ ਘੁੱਗੀ ਦੇ ਆ ਲੱਗਿਆ। ਘੁੱਗੀ ਦਾ ਅੰਤ ਹੋ ਗਿਆ ਤੇ ਛੱਪੜ ਦੇ ਜੀਵਾਂ ਨੇ ਬਹੁਤ ਸੋਗ ਮਨਾਇਆ। ਹੁਣ ਛੱਪੜ ਦੇ ਜੀਵਾਂ ਦਾ ਰਾਖਾ ਕੌਣ ਹੋਵੇ, ਸੁਆਲ ਖੜਾ ਹੋ ਗਿਆ। ਸਾਰੇ ਸੋਚਣ ਲੱਗੇ।

ਉੱਥੇ ਖੜੇ ਇਕ ਬਗਲੇ ਨੇ ਮੌਕੇ ਦਾ ਲਾਭ ਉਠਾਣ ਲਈ, ਆਪ ਰਾਜਾ ਬਣਨ ਦੀ ਪੇਸ਼ਕਸ਼ ਕੀਤੀ। ਸਭ ਦੀ ਸਹਿਮਤੀ ਨਾਲ ਬਗਲਾ ਅੰਬ 'ਤੇ ਆਪਣਾ ਸਿੰਘਾਸਨ ਸਜਾ ਬੈਠਿਆ। ਕੁਝ ਦਿਨ ਉਹ ਉੱਪਰ ਹੀ ਰਿਹਾ, ਫਿਰ ਉਸ ਨੂੰ

ਛੱਪੜ ਦੇ ਜੀਵਾਂ ਨੂੰ ਖਾਣ ਦੀ ਲਾਲਸਾ ਜਾਗੀ। "ਮੈਂ ਤੁਹਾਡੀ ਰਾਖੀ ਛੱਪੜ ਵਿੱਚ ਰਹਿ ਕੇ ਕਰਾਂਗਾ", ਬਗਲੇ ਨੇ ਐਲਾਨ ਕੀਤਾ! ਅੱਖਾਂ ਮੀਟ ਬਗਲਾ ਛੱਪੜ 'ਚ ਖੜੋਤਾ ਰਹਿੰਦਾ ਪਰੰਤੂ ਜਦੋਂ ਕੋਈ ਡੱਡੀ ਜਾਂ ਛੋਟੀ ਮੱਛੀ ਨੇੜੇ ਆਉਂਦੀ ਝੱਟ ਆਪਣੀ ਚੁੰਝ 'ਚ ਪਕੜ ਕੇ ਹੜੱਪ ਕਰ ਲੈਂਦਾ। ਏਦਾਂ ਕਈ ਦਿਨ ਲੰਘ ਗਏ ਤੇ ਜੀਵਾਂ ਦਾ ਸ਼ਿਕਾਰ ਕਰਦਾ ਰਿਹਾ। ਸਾਰਿਆਂ ਨੂੰ ਉਸ ਦੀ ਚਲਾਕੀ ਸਮਝ ਆ ਗਈ। ਧੋਖੇਬਾਜ ਰਾਜੇ ਬਗਲੇ 'ਤੇ ਸਾਰੇ ਜੀਵਾਂ ਨੇ ਹੱਲਾ ਬੋਲ ਕੇ ਉਸ ਨੂੰ ਉੱਥੋਂ ਭਜਾ ਦਿੱਤਾ। ਭੱਜੇ ਜਾਂਦੇ ਬਗਲੇ ਦੀ ਟੰਗ ਟੁੱਟ ਗਈ ਤੇ ਇੱਕ ਪੱਥਰ 'ਤੇ ਉਸ ਦਾ ਸਿਰ ਬੱਜਿਆ ਤੇ ਮਰ ਗਿਆ। ਜੀਵਾਂ ਨੇ ਆਪਣੀ ਜਿੱਤ ਦੀ ਖੁਸ਼ੀ ਮਨਾਈ। ਮਹਾਰਾਣੀ ਘੁੱਗੀ ਦੇ ਰਾਜ ਦੀ ਡੱਡੂ ਤੇ ਜੀਵ ਪ੍ਰਸੰਸਾ ਕਰਨ ਲੱਗੇ।

# ਦਲ ਬਦਲੂ

ਇੱਕ ਦਿਨ ਜੰਗਲ ਵਿੱਚ ਜਾਨਵਰਾਂ ਤੇ ਪੰਛੀਆਂ ਦੀ ਲੜਾਈ ਹੋ ਗਈ। ਹਰ ਕੋਈ ਆਪਣੇ-ਆਪਣੇ ਮੈਂਬਰਾਂ ਦੀ ਮਦਦ ਕਰ ਰਿਹਾ ਸੀ । ਲੜਾਈ ਵੱਧਦੀ ਗਈ। ਏਦਾਂ ਲਗਦਾ ਸੀ ਕਿ ਖ਼ੂਨ ਖਰਾਬਾ ਹੋ ਜਾਵੇਗਾ। ਹਰ ਧਿਰ ਆਪਣੀ ਸ਼ਕਤੀ ਜਮਾਉਣਾ ਚਾਹੁੰਦੀ ਸੀ ਤਾਂ ਜੋ ਜੰਗਲ ਦਾ ਰਾਜ ਹੱਥ ਵਿੱਚ ਆ ਜਾਵੇ। ਜਨੌਰ ਭਾਵ ਜਾਨਵਰ ਆਪਣੇ ਆਪ ਨੂੰ ਤਕੜਾ ਦੱਸਣਾ ਚਾਹੁੰਦੇ ਸਨ ਤੇ ਪੰਛੀਆਂ ਦਾ ਝੁੰਡ ਆਪਣੇ-ਆਪ ਨੂੰ ਸ਼ਕਤੀਸ਼ਾਲੀ ਤੇ ਸੂਝਵਾਨ ਦੱਸਣਾ ਚਾਹੁੰਦਾ ਸੀ। ਗੱਲ ਤਾਂ ਸੱਤਾ (ਤਾਕਤ) ਪ੍ਰਾਪਤ ਕਰਨ ਦੀ ਸੀ।

ਚਮਗਿੱਦੜ (ਚਮਚੜਿਕ) ਸਭ ਕੁਝ ਦੇਖਦੀ ਰਹੀ ਤੇ ਕਿਸੇ ਧਿਰ ਵੱਲ ਨਾ ਹੋਈ। ਉਹ ਵੇਖਦੀ ਰਹੀ ਕਿ ਕਿਹੜੀ ਧਿਰ ਜਿੱਤਦੀ ਹੈ। ਉਸ ਨੇ ਵੇਖਿਆ ਕਿ ਪੰਛੀਆਂ ਦਾ ਪੱਲਾ ਭਾਰੀ ਹੋ ਰਿਹਾ ਹੈ ਤਾਂ ਕਹਿਣ ਲੱਗੀ ਕਿ ਮੇਰੇ ਖੰਭ ਲੱਗੇ ਹੋਏ ਹਨ, ਇਸ ਲਈ ਮੈਂ ਪੰਛੀਆਂ ਵੱਲ ਹਾਂ। ਕੁਝ ਦੇਰ ਪਿੱਛੋਂ ਪੰਛੀ ਹਾਰਨ ਲੱਗੇ। ਚਮਗਿੱਦੜ ਨੇ ਮੌਕਾ ਤਾੜਿਆ ਤੇ ਜਨੌਰਾਂ ਵੱਲ ਜਾ ਖੜੋਈ। ਮੈਂ ਤਾਂ ਜਾਨਵਰਾਂ ਦੀ ਜਾਤੀ 'ਚੋਂ ਹਾਂ ਕਿਉਂਕਿ ਮੇਰੇ ਜਾਨਵਰਾਂ ਵਾਂਗ ਥਣ ਹਨ। ਸੋ ਮੈਂ ਜਾਨਵਰਾਂ ਦੀ ਮਦਦ ਕਰਾਂਗੀ।

ਉਸ ਨੇ ਉਡਾਰੀ ਭਰਨੀ ਸੀ। ਸੋਚ ਕੇ ਮੁੜ ਪੰਛੀਆਂ ਕੋਲ ਚਲੇ ਗਈ। ਆਪਣੀ ਵੋਟ ਜਤਲਾਉਣ ਲਈ। ਪਰੰਤੂ ਪੰਛੀ ਸਿਆਣੇ ਸਨ। ਉਨ੍ਹਾਂ ਨੇ ਚਮਗਿੱਦੜ ਨੂੰ ਉਥੋਂ ਭਜਾ ਦਿੱਤਾ। ਹੁਣ ਉਹ ਜਾਨਵਰਾਂ ਵੱਲ ਨਹੀਂ ਸੀ ਜਾ ਸਕਦੀ। ਦੋਵੇਂ ਧਿਰਾਂ ਉਸ ਦੀ ਦਲਬਦਲੀ ਨੂੰ ਸਮਝ ਗਈਆਂ। ਕੋਈ ਵੀ ਉਸ ਨੂੰ ਰਲਾਉਣ ਲਈ ਤਿਆਰ ਨਹੀਂ ਸੀ। ਸ਼ਰਮਿੰਦੀ ਹੋਈ ਚਮਗਿੱਦੜ ਦਿਨ ਦੀ ਰੌਸ਼ਨੀ 'ਚ ਮੂੰਹ ਵਿਖਾਉਣ ਜੋਗੀ ਨਾ ਰਹੀ। ਹੁਣ ਉਹ ਰਾਤ ਨੂੰ ਹਨੇਰੀਆਂ ਥਾਵਾਂ ਤੇ ਖੁੱਡਾਂ ਵਿੱਚ ਰਹਿਣ ਜੋਗੀ ਰਹਿ ਗਈ। ਜਾਨਵਰ ਤੇ ਪੰਛੀ ਉਸਨੂੰ ਆਪਣੀ ਬਰਾਦਰੀ 'ਚ ਰੱਖਣ ਨੂੰ ਤਿਆਰ ਨਾ ਹੋਏ।

# ਵਫ਼ਾਦਾਰ ਟੌਮੀ

ਇੱਕ ਵਪਾਰੀ ਸ਼ਹਿਰ 'ਚ ਰਹਿੰਦਾ ਸੀ। ਉਸ ਨੇ ਆਪਣੀ ਕੋਠੀ ਦੀ ਰਾਖੀ ਲਈ ਇੱਕ ਪਾਲਤੂ ਕੁੱਤਾ ਰੱਖਿਆ ਹੋਇਆ ਸੀ ਜਿਸ ਨੂੰ ਟੌਮੀ ਕਹਿਕੇ ਬੁਲਾਉਂਦੇ ਸੀ। ਕੁੱਤੇ ਦੀ ਦੇਖ-ਭਾਲ ਲਈ ਵਪਾਰੀ ਨੇ ਇੱਕ ਨੌਕਰ ਵੀ ਰੱਖਿਆ ਹੋਇਆ ਸੀ। ਨੌਕਰ ਦਾ ਕਮਰਾ ਤੇ ਟੌਮੀ ਦੀ ਰਹਾਇਸ਼ ਦਾ ਪ੍ਰਬੰਧ, ਕੋਠੀ ਦੇ ਪਿਛਲੇ ਵਿਹੜੇ ਵਿੱਚ ਕੀਤਾ ਹੋਇਆ ਸੀ। ਵਪਾਰੀ ਟੌਮੀ ਨੂੰ ਬਹੁਤ ਪਿਆਰ ਕਰਦਾ ਸੀ। ਉਸ ਨੂੰ ਚੰਗੀਆਂ-ਚੰਗੀਆਂ ਚੀਜ਼ਾਂ ਖਾਣ ਨੂੰ ਦੇਂਦਾ। ਹਫ਼ਤੇ 'ਚ ਉਸ ਨੂੰ ਤਾਜ਼ਾ ਮੀਟ ਵੀ ਖੁਆਉਂਦਾ। ਨੌਕਰ ਉਸ ਨੂੰ ਨਹਾਉਂਦਾ ਤੇ ਸੈਰ ਲਈ ਬਾਹਰ ਵੀ ਲੈ ਕੇ ਜਾਂਦਾ। ਟੌਮੀ ਘਰ ਦੇ ਮੈਂਬਰਾਂ ਵਾਂਗ ਸੀ। ਰਾਤ ਵੇਲੇ ਟੌਮੀ ਨੂੰ ਖੁੱਲ੍ਹਾ ਛੱਡ ਦਿੱਤਾ ਜਾਂਦਾ ਤਾਂ ਜੋ ਕੋਈ ਓਪਰਾ ਬੰਦਾ ਜਾਂ ਚੋਰ ਕੋਠੀ 'ਚ ਨਾ ਆ ਵੜੇ। ਟੌਮੀ ਪੂਰੀ ਚੌਕਸੀ ਰੱਖਦਾ।

ਵਪਾਰੀ ਆਪਣੇ ਪਰਿਵਾਰ ਸਮੇਤ ਕੁਝ ਦਿਨਾਂ ਲਈ ਬੰਬਈ (ਬੰਬੇ) ਚਲੇ ਗਿਆ ਤੇ ਕੋਠੀ ਦੀ ਸਾਂਭ-ਸੰਭਾਲ ਤੇ ਰਾਖੀ ਨੌਕਰ ਨੂੰ ਕਰਨ ਲਈ ਦੇ ਗਿਆ। ਕਈ ਦਿਨ ਲੰਘ ਗਏ। ਰਾਤ ਨੂੰ ਕੋਈ ਖਤਰਾ ਨਾ ਹੋਇਆ। ਟੌਮੀ ਜਾਗ ਕੇ ਰਾਖੀ ਕਰਦਾ। ਵਿਹੜੇ 'ਚ ਘੁੰਮਦਾ ਰਹਿੰਦਾ।

ਇੱਕ ਰਾਤ ਦੀ ਗੱਲ ਹੈ ਕਿ ਰਾਤ ਨੂੰ ਟੌਮੀ ਨੂੰ ਖੁਆ-ਪਲਾ ਕੇ ਨੌਕਰ ਆਪਣੇ ਕਮਰੇ ਵਿੱਚ ਸੌਂ ਗਿਆ। ਰਾਤ ਦਾ ਡੇਢ ਵਜੇ ਦਾ ਸਮਾਂ ਸੀ ਕਿ ਇੱਕ ਚੋਰ ਕੰਧ ਟੱਪ ਕੇ ਵਿਹੜੇ ਵਿੱਚ ਆ ਉਤਰਿਆ। ਉਸ ਕੋਲ ਇੱਕ ਬੈਗ ਸੀ। ਸ਼ਾਇਦ ਉਹ ਸ਼ੀਸ਼ਾ ਕੱਟ ਕੇ ਖਿੜਕੀ ਰਾਹੀਂ ਕੋਠੀ 'ਚੋਂ ਸਾਮਾਨ ਚੋਰੀ ਕਰਨ ਦੀ ਸੋਚ ਰਿਹਾ ਸੀ। ਚੋਰ ਨੂੰ ਵੇਖ ਕੇ ਟੌਮੀ ਨੇ ਭੌਂਕਣਾ ਸ਼ੁਰੂ ਕਰ ਦਿੱਤਾ। ਚੋਰ ਬੜਾ ਚਲਾਕ ਸੀ। ਕੁੱਤੇ ਦੇ ਭੌਂਕਣ ਨਾਲ ਨੌਕਰ ਵੀ ਜਾਗ ਸਕਦਾ ਸੀ। ਚੋਰ ਨੇ ਟੌਮੀ ਨੂੰ ਡਰਾਉਣ ਲਈ ਬੈਗ ਦਾ ਸਹਾਰਾ ਲਿਆ ਪਰੰਤੂ ਟੌਮੀ ਭੌਂਕੀ ਗਿਆ। ਆਖ਼ਰ ਚੋਰ ਨੇ ਟੌਮੀ ਨੂੰ ਲਾਲਚ ਦੇਣ ਲਈ ਬੈਗ 'ਚੋਂ ਮੀਟ ਦਾ ਇੱਕ ਟੁਕੜਾ ਟੌਮੀ ਵੱਲ ਨੂੰ

ਸੁੱਟਿਆ। ਟੌਮੀ ਨੇ ਉਸ ਨੂੰ ਮੂੰਹ ਨਾ ਲਾਇਆ। ਚੋਰ ਨੂੰ ਸਮਝ ਨਹੀਂ ਸੀ ਆ ਰਹੀ, ਕੀ ਕਰੇ। ਟੌਮੀ-ਭੌਂਕੀਂ ਜਾ ਰਿਹਾ ਸੀ। ਚੋਰ ਦੀ ਲੱਤ ਫੜਨ ਲਈ ਟੌਮੀ ਨੇ ਕੋਸ਼ਿਸ਼ ਵੀ ਕੀਤੀ ਪਰੰਤੂ ਚੋਰ ਜਾਨ ਬਚਾਉਣ ਲਈ ਉਥੋਂ ਭੱਜ ਨਿਕਲਿਆ। ਏਨੇ ਨੂੰ ਨੌਕਰ ਵੀ ਜਾਗ ਪਿਆ। ਨੌਕਰ ਨੇ ਵੇਖਿਆ ਕਿ ਮੀਟ ਦਾ ਟੁਕੜਾ ਉਵੇਂ ਹੀ ਪਿਆ ਸੀ। ਉਸ ਨੇ ਟੌਮੀ ਨੂੰ ਥਾਪੜਾ ਦਿੱਤਾ ਤੇ ਗਲ ਨਾਲ ਲਾ ਲਿਆ। ਲੋਭ ਦੇਣ ਦੀ ਚਲਾਕੀ ਨੂੰ ਨੌਕਰ ਸਮਝ ਗਿਆ।

# ਹਾਥੀ ਤੇ ਸ਼ਹਿਦ ਦੀਆਂ ਮੱਖੀਆਂ

ਜੰਗਲ ਦੇ ਜੀਵਾਂ ਤੇ ਪੰਛੀਆਂ ਨੂੰ ਚਿੰਤਾ ਹੋ ਗਈ। ਇੱਕ ਹੰਕਾਰੀ ਹਾਥੀ ਆਪਣੇ ਪੈਰਾਂ ਥੱਲੇ ਜੀਵਾਂ ਨੂੰ ਮਧੋਲਣ ਲੱਗ ਪਿਆ। ਟਾਹਣੀਆਂ 'ਤੇ ਬੈਠੇ ਪੰਛੀਆਂ ਨੂੰ ਵੀ ਟਾਹਣੇ ਤੋੜ ਕੇ ਭਜਾਉਣ ਲੱਗਿਆ। ਉਹ ਆਪਣੀ ਧੌਂਸ ਕਾਰਨ ਸਭ ਨੂੰ ਡਰਾਉਣ ਲੱਗਿਆ। ਉਸ ਨੂੰ ਇਹ ਘਮੰਡ ਸੀ ਕਿ ਮੈਂ ਜੰਗਲ ਵਿੱਚ ਸਭ ਤੋਂ ਵੱਡਾ ਹਾਂ ਮੇਰੇ ਅੱਗੇ ਸ਼ੇਰ ਤੋਂ ਬਿਨਾਂ ਹੋਰ ਕੋਈ ਜਾਨਵਰ ਅੜ ਨਹੀਂ ਸਕਦਾ। ਪੰਛੀ, ਜੀਵ ਤੇ ਕੀੜੇ-ਮਕੌੜੇ ਕਿਹਦੇ ਪਾਣੀ ਹਾਰ ਹਨ। ਜੰਗਲ 'ਚ ਇਹ ਗੱਲ ਫੈਲ ਗਈ। ਹਾਥੀ ਨੂੰ ਕਿਵੇਂ ਰੋਕਿਆ ਜਾਵੇ। ਉਸ ਨੂੰ ਜੇਕਰ ਸਬਕ ਨਾ ਸਿਖਾਇਆ ਗਿਆ ਤਾਂ ਉਹ ਹੋਰ ਵੀ ਨੁਕਸਾਨ ਕਰਦਾ ਰਹੇਗਾ।

ਸਾਰੇ ਪੰਛੀਆਂ ਤੇ ਜੀਵਾਂ ਨੇ ਵਿਚਾਰਾਂ ਕੀਤੀਆਂ। ਸ਼ਹਿਦ ਦੀਆਂ ਮੱਖੀਆਂ ਨੂੰ ਇੱਕ ਤਰੀਕਾ ਸੁੱਝਿਆ। ਹਾਥੀ ਨੂੰ ਸ਼ਹਿਦ ਖੁਆ ਕੇ ਮਿੱਠਾ ਕੀਤਾ ਜਾਵੇ ਤੇ ਬਦਲਾ ਲਿਆ ਜਾਵੇ। ਮੱਖੀਆਂ ਨੇ ਕਿਹਾ ਕਿ ਅਸੀਂ ਸ਼ਹਿਦ ਦੇ ਛੱਤੇ ਦਾ ਕੁਝ ਹਿਸਾ ਹਾਥੀ ਦੀ ਸੁੰਡ ਅੱਗੇ ਖਾਣ ਨੂੰ ਕਹਾਂਗੀਆਂ। ਮਿੱਠਾ-ਮਿੱਠਾ ਸ਼ਹਿਦ ਖਾਣ ਲਈ ਹਾਥੀ ਤਿਆਰ ਹੋ ਜਾਵੇਗਾ। ਮੁਸ਼ਕਲ ਇਹ ਸੀ ਕਿ ਸ਼ਹਿਦ ਦੀਆਂ ਮੱਖੀਆਂ ਦਾ ਛੱਤਾ ਹਾਥੀ ਅੱਗੇ ਕੌਣ ਪੇਸ਼ ਕਰੇਗਾ। ਇੱਕ ਸਿਆਣਾ ਬਾਂਦਰ ਕਹਿਣ ਲੱਗਾ ਕਿ ਇਹ ਕੰਮ ਤਾਂ ਮੈਂ ਕਰ ਸਕਦਾ ਹਾਂ। ਤੁਸੀਂ ਚਿੰਤਾ ਨਾ ਕਰੋ। ਹਾਥੀ ਨੂੰ ਮੇਰੇ ਨਾਲ

ਕੋਈ ਵੈਰ ਨਹੀਂ। ਮੈਂ ਤਾਂ ਉਸ ਨੂੰ ਕਈ ਵਾਰ ਖਾਣ ਨੂੰ ਕੇਲੇ ਵੀ ਦਿੱਤੇ ਹਨ।

ਸਾਰੇ ਖ਼ੁਸ਼ ਹੋ ਗਏ ਕਿ ਬਾਂਦਰ ਇਹ ਸਮੱਸਿਆ ਹੱਲ ਕਰ ਦੇਵੇਗਾ। ਹਾਥੀ ਨੂੰ ਸੱਦਾ ਭੇਜ ਦਿੱਤਾ ਤੇ ਉਹ ਹਾਜ਼ਰ ਹੋ ਗਿਆ। ਬਾਂਦਰ ਨੇ ਸ਼ਹਿਦ ਦਾ ਛੱਤਾ ਤੇ ਮੱਖੀਆਂ ਹਾਥੀ ਨੂੰ ਪੇਸ਼ ਕਰ ਦਿੱਤੀਆਂ। ਸੁੰਡ ਨਾਲ ਛੱਤੇ 'ਚੋਂ ਸ਼ਹਿਦ ਹਾਥੀ ਖਾਣ ਹੀ ਲੱਗਿਆ ਸੀ, ਮੱਖੀਆਂ ਨੇ ਸੁੰਡ 'ਚ ਵੜ ਕੇ ਡੰਗ ਮਾਰਨੇ ਸ਼ੁਰੂ ਕਰ ਦਿੱਤੇ। ਕੁਝ ਮੱਖੀਆਂ ਸੁੰਡ 'ਤੇ ਦੰਦੀਆਂ ਵੱਢਣ ਲੱਗੀਆਂ। ਹਾਥੀ ਚੰਗਿਆੜ੍ਹਾਂ

ਮਾਰਨ ਲੱਗਾ। ਸੁੰਡ 'ਚੋਂ ਲਹੂ ਵੱਗਣ ਲੱਗ ਪਿਆ। ਇਹ ਹਮਲਾ ਵੇਖ ਕੇ ਹਾਥੀ ਉੱਥੋਂ ਭੱਜ ਗਿਆ ਤੇ ਹੋਰ ਪਾਸੇ ਚਲੇ ਗਿਆ। ਜੀਵਾਂ ਨੇ ਬਾਂਦਰ ਤੇ ਸ਼ਹਿਦ ਦੀਆਂ ਮੱਖੀਆਂ ਦਾ ਧੰਨਵਾਦ ਕੀਤਾ।

# ਨਾਸ਼ੁਕਰਾ

ਬਘਿਆੜ ਕਈ ਦਿਨਾਂ ਤੋਂ ਭੁੱਖਾ ਸੀ। ਜੰਗਲ 'ਚ ਇੱਧਰ ਉੱਧਰ ਘੁੰਮਦਾ ਰਿਹਾ। ਰਚਨਹਾਰੇ ਨੂੰ ਕੋਸਦਾ ਰਿਹਾ। ਉਲਾਂਭੇ ਦਿੰਦਾ ਰਿਹਾ। ਆਖਰ ਉਸ ਨੂੰ ਸ਼ਿਕਾਰ ਮਿਲ ਗਿਆ। ਦੋ ਤਿੰਨ ਖਰਗੋਸ਼ ਦੇ ਬੱਚੇ ਉਸ ਨੇ ਹੜੱਪ ਕਰ ਲਏ। ਭੁੱਖ ਨਾਲੋਂ ਵੱਧ ਚਬਾਅ-ਚਬਾਅ ਕੇ, ਉਸ ਨੇ ਢਿੱਡ ਭਰਨਾ ਚਾਹਿਆ ਤੇ ਖਰਗੋਸ਼ ਦੇ ਬੱਚੇ ਮੁਕਾ ਦਿੱਤੇ। ਇੱਕ ਹੱਡੀ ਉਸ ਦੇ ਸੰਘ ਵਿੱਚ ਫਸ ਗਈ। ਬਘਿਆੜ ਨੇ ਚੀਕਣਾ ਸ਼ੁਰੂ ਕਰ ਦਿੱਤਾ। ਹੱਡੀ ਦੀ ਪੀੜ ਵਧਦੀ ਜਾ ਰਹੀ ਸੀ। ਸੰਘ 'ਚੋਂ ਹੱਡੀ ਕਿਵੇਂ ਨਿਕਲੇ। ਬਘਿਆੜ ਮਿੰਨਤਾਂ ਕਰਨ ਲੱਗਿਆ। "ਮੈਨੂੰ ਬਚਾਓ, ਮੈਨੂੰ ਤਾਂ ਸਾਹ ਆਉਣਾ ਵੀ ਬੰਦ ਹੋ ਜਾਵੇਗਾ"। ਉਸ ਦੀਆਂ ਚੰਗਿਆੜਾਂ ਸੁਣ ਕੇ ਇੱਕ ਸਾਰਸ ਉੱਥੇ ਆ ਗਿਆ। ਉਸ ਦੀ ਚੁੰਝ ਬਹੁਤ ਲੰਮੀ ਸੀ। ਉਸ ਨੂੰ ਬਘਿਆੜ 'ਤੇ ਤਰਸ ਆਇਆ। "ਸਾਰਸਾ ਪਿਆਰੇ, ਮੈਂ ਤੈਨੂੰ ਇਨਾਮ ਦੇਵਾਂਗਾ, ਹਾੜੇ-ਹਾੜੇ, ਮੇਰੀ ਜਾਨ ਬਚਾ, ਤੂੰ ਹੀ ਹੱਡੀ ਕੱਢ ਸਕਦਾ ਐਂ", ਬਘਿਆੜ ਗਿੜ ਗੜਾਇਆ।

ਸਾਰਸ ਨੇ ਬੜੇ ਸਹਿਜ ਨਾਲ ਬਘਿਆੜ ਦੇ ਸੰਘ 'ਚੋਂ ਹੱਡੀ ਬਾਹਰ ਕੱਢ ਸੁੱਟੀ। ਬਘਿਆੜ ਦੀ ਜਾਨ 'ਚ ਜਾਨ ਆਈ। ਸਾਰਸ ਨੇ ਬਘਿਆੜ ਤੋਂ ਆਪਣਾ ਇਨਾਮ ਮੰਗਿਆ। ਬਘਿਆੜ ਇਨਾਮ ਦੇਣ ਤੋਂ ਮੁੱਕਰ ਗਿਆ। "ਸ਼ੁਕਰ ਕਰ, ਮੈਂ ਆਪਣੇ ਜਬਾੜੇ 'ਚ ਤੇਰਾ ਸਿਰ ਨਹੀਂ ਚਿੱਥਿਆ", ਨਾਸ਼ੁਕਰਾ ਬਘਿਆੜ ਬੋਲਿਆ। ਏਨੇ ਨੂੰ ਉੱਥੇ ਬਘਿਆੜਨੀ ਵੀ ਆ ਗਈ। ਉਸ ਨੇ ਸਾਰਸ ਦੀ ਸਾਰੀ ਗੱਲ ਸੁਣੀ, ਉਸ ਨੂੰ ਆਪਣੇ ਪਤੀ (ਬਘਿਆੜ) ਦੇ ਵਤੀਰੇ 'ਤੇ ਸ਼ਰਮਿੰਦਗੀ ਆਈ। ਉਸ ਨੇ ਸਾਰਸ ਤੋਂ ਮੁਆਫ਼ੀ ਮੰਗੀ ਤੇ ਧੰਨਵਾਦ ਕੀਤਾ ਅਤੇ ਆਪਣੇ ਕੋਲੋਂ ਇਨਾਮ ਵੀ ਦਿੱਤਾ।



ਮਨੁੱਖ ਸ਼ੁਰੂ ਤੋਂ ਹੀ ਕੁਦਰਤ ਕੋਲੋਂ ਸਿਖਦਾ ਰਿਹਾ ਹੈ। ਰੁੱਖ, ਬੂਟੇ ਤੇ ਫੁੱਲ ਉਸ ਨੂੰ ਪ੍ਰਭਾਵਤ ਕਰਦੇ ਰਹੇ ਹਨ। ਜੰਗਲਾਂ 'ਚ ਜਾਨਵਰ ਜੀਵ, ਪੰਛੀ ਤੇ ਕੀੜੇ-ਮਕੌੜੇ ਆਪਣਾ ਜੀਵਨ ਜਿਊਂਦੇ ਹਨ। ਉਨ੍ਹਾਂ ਦਾ ਆਪਣਾ ਸੰਸਾਰ ਹੈ। ਉਨ੍ਹਾਂ ਤੋਂ ਬੜਾ ਕੁਝ ਸਿੱਖਿਆ ਜਾ ਸਕਦਾ ਹੈ।

ਬੱਚਿਆਂ ਨੂੰ ਜਾਨਵਰਾਂ, ਪੰਛੀਆਂ ਤੇ ਜੀਵਾਂ ਤੋਂ ਚੰਗੀਆਂ ਸਿੱਖਿਆਵਾਂ ਦੇਣ ਲਈ ਜਨੌਰ ਤੇ ਪੰਛੀ ਕਹਾਣੀਆਂ ਬਹੁਤ ਲਾਭਕਾਰੀ ਹਨ। ਇਹ ਕਹਾਣੀਆਂ ਰੌਚਿਕ ਵੀ ਹਨ ਅਤੇ ਚੰਗੀਆਂ ਕਦਰਾਂ-ਕੀਮਤਾਂ ਅਤੇ ਚੰਗੀਆਂ-ਆਦਤਾਂ ਗ੍ਰਹਿਣ ਕਰਨ ਲਈ ਪ੍ਰੇਣਨਾਦਾਇਕ ਵੀ ਹਨ।

ਇਨ੍ਹਾਂ ਕਹਾਣੀਆਂ ਰਾਹੀਂ ਜਾਨਵਰਾਂ, ਪੰਛੀਆਂ ਤੇ ਜੀਵਾਂ ਬਾਰੇ ਜਾਣਕਾਰੀ ਵੀ ਮਿਲਦੀ ਹੈ। ਪਰ-ਉਪਕਾਰ, ਦਿਆਲਤਾ, ਸਿਆਣਪ ਅਤੇ ਅਕਲਮੰਦੀ ਨਾਲ ਔਕੜਾਂ ਹੱਲ ਹੋ ਸਕਦੀਆਂ ਹਨ। ਕ੍ਰੋਧ, ਈਰਖਾ, ਲਾਲਚ, ਹੰਕਾਰ, ਘਮੰਡ ਆਦਿ ਨੂੰ ਤਿਆਗਣ ਨਾਲ ਸਮੱਸਿਆਵਾਂ ਹੱਲ ਹੋ ਸਕਦੀਆਂ ਹਨ। ਨੇਕ ਤੇ ਚੰਗਾ ਇਨਸਾਨ ਬਣਨ ਲਈ ਇਨ੍ਹਾਂ ਕਹਾਣੀਆਂ ਰਾਹੀਂ ਬੱਚਿਆਂ ਨੂੰ ਰੌਚਿਕ ਤੇ ਸਰਲ ਭਾਸ਼ਾ ਵਿੱਚ ਸਮਝਾਉਣਾ ਕਹਾਣੀ ਮਾਧਿਅਮ ਇੱਕ ਚੰਗਾ ਸਾਧੰਨ ਹੈ।

ਉੱਘੇ ਲੇਖਕ ਮਨਮੋਹਨ ਸਿੰਘ ਦਾਊਂ ਦੀਆਂ ਇਹ ਕਹਾਣੀਆਂ ਪ੍ਰਸੰਸਾਯੋਗ ਹਨ ਤੇ ਉਚੇਚੇ ਤੌਰ 'ਤੇ ਰਚੀਆਂ ਗਈਆਂ ਹਨ।

ਪ੍ਰਕਾਸ਼ਕ

Forever Learning

ISBN 978-93-5205-602-6

9 789352 056026

www. unistarbooks.com ₹ 150/-